# ਗੀਤਾਂ ਵਿੱਚ ਮੁਸਕਾਨ



ਕਰਤਾਰ ਸਿੰਘ 'ਪੰਛੀ'

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਗੀਤਾਂ ਵਿੱਚ ਮੁਸਕਾਨ

ਬਾਲ-ਕਾਵਿ ਸੰਗ੍ਰਹਿ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਗੀਤਾਂ ਵਿੱਚ ਮੁਸਕਾਨ

ਕਰਤਾਰ ਸਿੰਘ 'ਪੰਛੀ'

ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ ਮਾਲੇਰਕੋਟਲਾ

Sri Satguru Jagjit Singh Ji eLibrary NamdhariElibrary@gmail.com

**Geeta Vich Muskan**
(A Collection of Poetry)

By **Kartar Singh Panchhi**
B-XV/362, New Basti
Malerkotla (Sangrur)
Tel: 01675-251002

ਲੇਖਕ ਦੇ ਹੱਕ ਰਾਖਵੇਂ ਹਨ

ਪਹਿਲੀ ਵਾਰ : 2006

ਪ੍ਰਕਾਸ਼ਕ : ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ
ਐਸ.ਡੀ. ਹਸਪਤਾਲ,
ਸਟੇਡੀਅਮ ਰੋਡ,
ਮਾਲੇਰਕੋਟਲਾ (ਸੰਗਰੂਰ)।
ਫੋਨ: 01675-258879

ਟਾਇਪ/ਸੈਟਿੰਗ : ਮੁਹੰਮਦ ਰਮਜ਼ਾਨ
ਮਾਲੇਰਕੋਟਲਾ।
ਫੋਨ: 98558-51908

ਛਾਪਕ : ?

ਮੁੱਲ : ਵੀਹ ਰੁਪਏ

Sri Satguru Jagjit Singh Ji eLibrary NamdhariElibrary@gmail.com

# ਮੇਰੇ ਦੋਹਤੇ ਸਤਪਾਲ ਸਿੰਘ ਦੇ ਨਾਂ



ਜਨਮ 18.02.2005 ਬਰਾਂਪਟਨ, ਅਨਟਾਰੀਓ, ਕੈਨੇਡਾ
ਸੰਤ ਸਿੰਘ ਤੇ ਸਤਵੰਤ ਕੌਰ ਵੱਡੇ ਭਰਾ-ਭੈਣ ਲਈ ਬੇਬੀ ਡੌਲ,
ਬੇਟਾ ਸੁਰਜੀਤ ਸਿੰਘ/ਅਮਰਜੀਤ ਕੌਰ ਤੇ
ਸੰਤ ਮੁਖ਼ਤਿਆਰ ਸਿੰਘ ਜੀ ਸ਼ਹਿਣਾ ਦਾ ਪੋਤਾ

Sri Satguru Jagjit Singh Ji eLibrary NamdhariElibrary@gmail.com

**ਇਸ ਕਲਮ ਤੋਂ...**

- ਸਰਦਲ
- ਸਿਦਕ ਕਥੂਰੀ
- ਮੁੜ੍ਹਕੇ ਦੀ ਕੁੱਖ
- ਚਰਨ ਭੇਟ
- ਫੁੱਲਾਂ ਦੀ ਮੁਸਕਾਨ
- ਸਮੇਂ ਨੂੰ ਕੀ ਆਖਾਂ
- ਨੂਰ ਇਲਾਹੀ
- ਲੋਚਾ ਦਰਸ਼ ਦੀਦਾਰ ਦੀ
- ਦਿਲਾਸੇ
- ਨਾ ਬੁਰਾ ਮਨਾਇਓ ਜੀ !

Sri Satguru Jagjit Singh Ji eLibrary NamdhariElibrary@gmail.com

## ਦੋ ਸ਼ਬਦ

ਜਦੋਂ ਮੈਂ ਬੱਚਿਆਂ ਵਾਸਤੇ ਪਹਿਲੀ ਪੁਸਤਕ 'ਫੁੱਲਾਂ ਦੀ ਮੁਸਕਾਨ' ਤਿਆ ਕੀਤੀ ਤਾਂ ਉਦੋਂ ਮੈਂ ਸਰਕਾਰੀ ਹਾਈ ਸਕੂਲ, ਤੱਖਰ ਕਲਾਂ (ਸੰਗਰੂਰ) ਵਿੱਚ ਸਰਵਿ ਕਰਦਾ ਸੀ। ਮੈਨੂੰ ਇਹ ਦੱਸਣ ਵਿੱਚ ਖ਼ੁਸ਼ੀ ਮਹਿਸੂਸ ਹੁੰਦੀ ਹੈ ਕਿ ਇਸ ਪੁਸਤ ਦੀਆਂ ਸਾਰੀਆਂ ਰਚਨਾਵਾਂ ਸਕੂਲ ਦੇ ਬੱਚਿਆਂ ਨਾਲ ਸਾਂਝੀਆਂ ਕੀਤੀਆਂ, ਕੀ ਉਹਨ ਦੇ ਸਮਝ ਵਿੱਚ ਆਉਂਦੀਆਂ ਹਨ, ਬੱਸ ਇਹੋ ਕਸੌਟੀ ਸੀ ਇਹਨਾਂ ਰਚਨਾਵਾਂ ਦੀ ਸਕੂਲ ਦੇ ਮੁਖੀ ਸ੍ਰ.ਮੇਵਾ ਸਿੰਘ ਜੀ ਨੇ ਇਸ ਕਾਰਜ ਵਿੱਚ ਖ਼ੂਬ ਸਾਥ ਦਿੱਤਾ। ਇਹ ਸਮਾਂ 1990-91 ਦਾ ਸੀ, 31.12.1992 ਨੂੰ ਮੈਂ ਸੇਵਾ ਮੁਕਤ ਹੋਇਆ। ਮੈਂ ਇਸ ਸਕੂਲ ਵਿੱਚ ਸਾਢੇ ਬਾਈ ਸਾਲ ਅਧਿਆਪਕ ਵਜੋਂ ਕਾਰਜ ਕੀਤਾ ਤਨੋਂ, ਮਨੋਂ ਲਾ ਕੇ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੇਰੀ ਵਿਦਾਇਗੀ ਪਾਰਟੀ ਬੜੀ ਸਜ-ਧਜ ਨਾਲ ਹੋਈ। ਮੁੱਖ ਅਧਿਆਪਕ ਤੇ ਸਟਾਫ਼, ਪਿੰਡ ਦੀ ਪੰਚਾਇਤ, ਪਤਵੰਤੇ ਸੱਜਣ, ਗੁਰਦੁਆਰ ਕਮੇਟੀ ਮੈਂਬਰ, ਦਸ਼ਮੇਸ ਕਲੱਬ ਵਾਲੇ, ਪੁਰਾਣੇ ਵਿਦਿਆਰਥੀ ਤੇ ਮੇਰੇ ਪਿਆਰੇ ਸੱਜਣ-ਮਿੱਤਰ ਪਾਰਟੀ ਵਿੱਚ ਸ਼ਾਮਲ ਹੋਏ। ਮੈਨੂੰ ਇਉਂ ਮਹਿਸੂਸ ਹੋਇਆ ਕਿ ਜੇ ਬੰਦਾ ਸੱਚੀ-ਸੁੱਚੀ ਲਗਨ ਨਾਲ ਕੰਮ ਕਰੇ ਤਾਂ ਲੋਕ ਸਤਿਕਾਰ ਤਾਂ ਜ਼ਰੂਰ ਕਰਦੇ ਹਨ। 'ਫੁੱਲਾਂ ਦੀ ਮੁਸਕਾਨ' ਵਿੱਚ ਕਾਵਿ-ਕਥਾਵਾਂ, ਦੇਸ਼ ਪਿਆਰ ਦੇ ਗੀਤ/ਕਵਿਤਾਵਾਂ ਤੇ ਵਿਦਿਅਕ ਗੀਤ ਸਨ। ਦੂਜੀ ਪੁਸਤਕ ਵੀ 11-16 ਉਮਰ ਦੇ ਬੱਚਿਆਂ ਵਾਸਤੇ ਸੀ, ਖ਼ੂਬ ਚਰਚ ਹੋਈ, 'ਨੂਰ ਇਲਾਹੀ' ਪੁਸਤਕ ਵਿੱਚ ਧਾਰਮਿਕ ਗੀਤ ਤੇ ਕਵਿਤਾਵਾਂ ਸਨ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਕਵਿਤਾਵਾਂ ਦਰਜ ਸਨ। ਵਿਚਾਰ ਤਾਂ ਬੱਚਿਆਂ ਵਿੱਚ ਚੰਗੇ ਗੁਣ ਪੈਦਾ ਕਰਨ ਵਾਲੀ ਗੱਲ ਹੀ ਹੁੰਦੀ ਹੈ। ਬੱਚੇ ਚੰਗੇ ਗੁਣਾਂ ਦੇ ਧਾਰਨੀ ਹੋਣ ਤੇ ਕੰਮ ਦਾ ਅੱਗਾ ਸੰਵਾਰਨ। ਇਸ 'ਨੂਰ ਇਲਾਹੀ' ਦਾ ਚੰਗਾ ਸੁਆਗਤ ਹੋਇਆ। ਮੈਨੂੰ ਹੋਰ ਹੌਸਲਾ ਹੋਇਆ ਤੇ ਮੈਂ ਇਹ ਬੱਚਿਆਂ ਬਾਰੇ ਲਿਖਣ ਦਾ ਕੰਮ ਜਾਰੀ ਰੱਖਿਆ, ਇਹ ਉਸੇ ਲਗਨ ਦਾ ਹੀ ਸਿੱਟਾ ਹੈ ਕਿ ਇਹ ਬੱਚਿਆਂ/ਬਾਲਕਾਂ ਬਾਰੇ ਤੀਜੀ ਪੁਸਤਕ ਹੈ-'ਗੀਤਾਂ ਵਿੱਚ ਮੁਸਕਾਨ'। ਇਸ ਵਿੱਚ ਕਾਵਿ-ਕਥਾਵਾਂ, ਮਹਾਤਮਾ ਗਾਂਧੀ ਬਾਰੇ ਗੀਤ, ਕਵਿਤਾਵਾਂ ਹਨ ਤਾਂ ਜੋ ਬੱਚਿਆਂ ਨੂੰ ਬਾਪੂ ਗਾਂਧੀ ਨਾਲ ਸਬੰਧਤ ਜਾਣਕਾਰੀ ਹੋ ਜਾਵੇ। ਸਤਿ-ਅਹਿੰਸਾ ਤੇ ਦੇਸ਼ ਭਗਤੀ ਦਾ ਜਜ਼ਬਾ ਪੈਦਾ ਹੋਵੇ। ਨਾ ਮਿਲਵਰਤਣ ਕਿਵੇਂ ਕੀਤਾ ਗਿਆ, ਪਰ ਇਸ ਪੁਸਤਕ ਦੀ ਪਹਿਲੀ ਰਚਨਾ ਸਤਿਗੁ ਬਾਬਾ ਰਾਮ ਸਿੰਘ ਜੀ ਬਾਰੇ ਹੈ। ਨਾ-ਮਿਲਵਰਤਣ ਤੇ ਬਾਈਕਾਟ ਦੀ ਲਹਿਰ ਆਪ ਵੱਲੋਂ ਗਾਂਧੀ ਜੀ ਤੋਂ ਪੰਜਾਹ ਕੁ ਵਰ੍ਹੇ ਪਹਿਲਾਂ ਹੀ ਬੜੀ ਕਾਮਯਾਬੀ ਨਾਲ ਚਲਾਈ ਚੁੱਕੀ ਸੀ ਅਤੇ ਅਕਹਿ ਤੇ ਅਸਹਿ ਕਸ਼ਟ ਸਹਾਰੇ ਸਨ।

Sri Satguru Jagjit Singh Ji eLibrary NamdhariElibrary@gmail.com

ਆਪ ਨੂੰ ਮੁਲਕ-ਬਦਰ ਕੀਤਾ ਗਿਆ ਤੇ ਕੂਕੇ/ਨਾਮਧਾਰੀਆਂ ਨੇ ਬਹੁਤ ਦੁੱਖੜੇ ਸਹਾਰੇ। ਇਸ ਰਚਨਾ ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਜਾਣਕਾਰੀ ਮਿਲ ਜਾਵੇਗੀ। ਬੰਦਿਆਂ ਨੂੰ ਪਤਾ ਲੱਗੇ ਕਿ ਦੇਸ਼ ਦੀ ਆਜ਼ਾਦੀ ਖਾਤਰ ਕਿਵੇਂ ਸਾਡੇ ਬਜ਼ੁਰਗਾਂ ਨੇ ਤਸੀਹੇ ਝੱਲੇ। ਕਾਵਿ-ਕਥਾਵਾਂ ਵੀ ਉਹੋ ਜਿਹੀਆਂ ਹਨ, ਜਿਨਾਂ ਵਿੱਚ ਚੰਗੀਆਂ ਗੱਲਾਂ ਦਾ ਪਤਾ ਲੱਗੇ। ਬੜੇ ਸਹਿਜ ਢੰਗ ਨਾਲ ਬਾਤਾਂ ਪਾਈਆਂ ਹਨ। ਹਾਸ-ਵਿਅੰਗ ਵੀ ਝਲਕੇਗਾ। ਮੈਂ ਕਿੱਥੋਂ ਤੱਕ ਇਸ ਕਾਰਜ ਵਿੱਚ ਸਫ਼ਲ ਹੋਇਆ ਹਾਂ ਇਹ ਤਾਂ ਪਾਠਕ ਹੀ ਦੱਸਣਗੇ। ਮੈਂ ਤਾਂ ਆਪਣੇ ਸ਼ੌਕ ਤੇ ਫ਼ਰਜ਼ ਨੂੰ ਪੂਰਾ ਕੀਤਾ ਹੈ, ਇਸ ਕੰਮ ਲਈ ਧਨ ਰਾਸ਼ੀ ਦੀ ਚਿੰਤਾ ਮੇਰੇ ਦਾਮਾਦ ਬੇਟੇ ਸੁਰਜੀਤ ਤੇ ਬੇਟੀ ਅਮਰਜੀਤ ਨੇ ਸਰਲ ਕਰ ਦਿੱਤੀ ਹੈ ਅਤੇ ਡਾ.ਐੱਸ.ਤਰਸੇਮ ਦਾ ਸਹਿਯੋਗ ਮੁਲਵਾਨ ਹੈ। ਮੈਂ ਸਿਹਤ ਵੱਲੋਂ ਬਹੁਤ ਠੀਕ ਨਹੀਂ, ਪਰ ਡਾ.ਤਰਸੇਮ ਜੀ ਦੇ ਸਹਿਯੋਗੀ ਅਜੀਜ਼ ਮੁਹੰਮਦ ਰਮਜ਼ਾਨ ਨੇ ਮੈਨੂੰ ਕੋਈ ਔਖ ਨਹੀਂ ਆਉਣ ਦਿੱਤੀ। ਧੰਨਵਾਦੀ ਹਾਂ ਤੇ ਘਰ ਵਿੱਚ ਡਾ.ਜੀਤ ਸਿੰਘ ਮੇਰੀ ਹਰ ਪੱਖ ਤੋਂ ਸੇਵਾ ਸੰਭਾਲ ਕਰ ਰਿਹਾ ਹੈ ਤਾਂ ਹੀ ਇਹ 'ਗੀਤਾਂ ਵਿੱਚ ਮੁਸਕਾਨ' ਤੁਹਾਡੇ ਹੱਥਾਂ ਵਿੱਚ ਹੈ।

ਪਿਆਰੇ ਬਾਲਕਾਂ ਲਈ ਸ਼ੁਭ-ਇਛਾਵਾਂ ਨਾਲ,

ਤੁਹਾਡਾ ਹਮਦਰਦ

**ਕਰਤਾਰ ਸਿੰਘ 'ਪੰਛੀ'**
ਮਾਲੇਰਕੋਟਲਾ

ਮਿਤੀ: 05.05.2006

Sri Satguru Jagjit Singh Ji eLibrary NamdhariElibrary@gmail.com

# ਪੁਰਸ਼ ਮਹਾਨ

ਗੁਰੂ ਰਾਮ ਸਿੰਘ ਪੁਰਸ਼ ਮਹਾਨ
ਉੱਚੀ ਜੱਗ ਵਿੱਚ ਹੋਈ ਸ਼ਾਨ

ਬਾਪੂ ਗਾਂਧੀ ਉੱਚ ਇਨਸਾਨ
ਕੀਕਣ ਹੋਏ ਪੁਰਸ਼ ਮਹਾਨ?

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਐਸੀ ਜੋਤ ਜਗਾਈ

(ਸਵਤੰਤਰਤਾ ਸਹੀ ਨਿਸ਼ਾਨਾ)

ਧੰਨ ਗੁਰੂ ਬਾਬਾ ਰਾਮ ਸਿੰਘ ਜੀ, ਐਸੀ ਜੋਤ ਜਗਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!

ਬਾਬਾ ਜੱਸਾ ਸਿੰਘ ਦੀ ਪਤਨੀ, ਸਦਾ ਕੌਰ ਸੁਖਦਾਈ।
ਉਹ ਸੀ ਧਰਮ ਕਮਾਵਣ ਵਾਲੀ, ਮਾਈ ਰੱਬ ਰਜਾਈ।
ਭੈਣੀ ਭੂੰਦੜ ਰਾਈਆਂ ਵਾਲੀ, ਜਨਮ ਲਿਆ ਇੱਕ ਬਾਲਕ।
ਰਾਮ ਸਿੰਘ ਸੀ ਨਾਮ ਰੱਖਿਆ, ਪਲਮ ਪਿਆ ਇੱਕ ਬਾਲਕ।

ਤਿੰਨ ਫ਼ਰਵਰੀ, 'ਠਾਰਾਂ ਸੌ ਸੋਲਾਂ, ਰੁੱਤ ਬਸੰਤ ਸੁਹਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!...

ਜਿਹੜੀ ਕੁਲ ਵਿੱਚ ਜਨਮ ਧਾਰਿਆ, ਨਾਮ ਓਹੋ ਜਿਹਾ ਜਾਣੋ।
ਰਾਮ ਸਿੰਘ ਜੀ ਗੋਤ 'ਮਠਾੜੂ', ਰਾਮਗੜ੍ਹੀਆ ਪਹਿਚਾਣੋ।
ਬਚਪਨ ਖੇਡਾਂ ਵਿੱਚ ਗੁਜ਼ਰਿਆ, ਨਾਲ ਹਾਣੀਆਂ ਰਲ ਕੇ।
ਪਰ ਬੱਚਿਆਂ ਤੋਂ ਵੱਖ ਆਦਤਾਂ, ਰੋਜ਼ ਹੀ ਉੱਠਦੇ ਤੜਕੇ।

ਜੱਸਾਂ ਭਾਗਾਂ ਵਾਲੀ ਪਤਨੀ, ਰਾਮ ਸਿੰਘ ਪਰਨਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!...

ਘਰ ਵਿੱਚ ਸਾਰੇ ਜੀਆਂ ਰਲ ਕੇ, ਏਦਾਂ ਮਤ ਪਕਾਇਆ।
ਫ਼ੌਜ 'ਚ ਭਰਤੀ ਹੋਏ ਰਾਮ ਸਿੰਘ, ਸਭ ਦੇ ਮਨ ਨੂੰ ਭਾਇਆ।
ਕਾਬਲ ਸਿੰਘ ਜੀਜੇ ਦੇ ਰਾਹੀਂ, ਫ਼ੌਜ 'ਚ ਭਰਤੀ ਹੋਏ।
ਸੋਹਣਾ ਤਕੜਾ ਜੁੱਸਾ ਹੈ ਸੀ, ਸਭ ਦੇ ਮਨ ਨੂੰ ਮੋਹੇ।

ਨੌ ਹਿਾਲ ਸਿੰਘ ਰੈਜਮੈਂਟ ਦੇ ਅੰਦਰ, ਕੀਤੀ ਭਗਤ ਕਮਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!...



Sri Satguru Jagjit Singh Ji eLibrary NamdhariElibrary@gmail.com

'ਠਾਰਾਂ ਸੌ ਇਕਤਾਲੀ ਅੰਦਰ, ਫ਼ੌਜ ਨੇ ਕਰੀ ਚੜ੍ਹਾਈ।
'ਹਜ਼ਰੋ' ਵੱਲ ਇਸ ਰੈਜਮੈਂਟ ਨੇ, ਫੇਰੀ ਹੈ ਸੀ ਪਾਈ।
ਏਸ ਇਲਾਕੇ ਅੰਦਰ ਸਤਿਗੁਰ ਬਾਲਕ ਨਾਮ ਜਪਾਵੇ।
ਗੁਰ ਬਾਲਕ ਸਿੰਘ ਐਸੀ ਕਰਨੀ, ਸਭ ਨੂੰ ਮੋਹੀ ਜਾਵੇ।

ਭਜਨ ਲਿਆ ਗੁਰ ਬਾਲਕ ਸਿੰਘ ਤੋਂ, ਹੋਵੇ ਸਦਾ ਸਹਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!...

ਸਭਨਾਂ ਤੋਂ ਸਿਰਮੌਰ ਤੁਹਾਡੀ, ਸ਼ਕਤੀ ਅਪਰ ਅਪਾਰਾ।
ਗੁਰ ਨਾਨਕ, ਗੁਰ ਗੋਬਿੰਦ ਸਿੰਘ ਦਾ, ਥੋਨੂੰ ਸਦਾ ਸਹਾਰਾ।
ਸਾਨੂੰ ਹੈ ਸੀ ਗੁਪਤ ਰਹਿਣ ਦਾ, ਮਾਲਕ ਵੱਲੋਂ ਇਸ਼ਾਰਾ।
ਤੁਸੀਂ ਬਾਰ੍ਹਵੇਂ ਥੱਪ ਹੋ ਥਾਪੇ, ਕਰਨਾ ਹੈ ਉਜਿਆਰਾ।

ਲੈ ਅਸੀਸ ਗੁਰਾਂ ਤੋਂ ਵੇਖੋ, ਬਹੁਤੀ ਖ਼ੁਸ਼ੀ ਮਨਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!...

'ਠਾਰਾਂ ਸੌ ਪੰਜਤਾਲੀ ਅੰਦਰ, ਫ਼ੌਜ 'ਚ ਫਿਰੀ ਦੁਹਾਈ।
'ਮੁਦਕੀ' ਦੇ ਵੱਲ ਕੂਚ ਕਰਨ ਦੀ, ਹੋਣੀ ਜਿੱਥੇ ਲੜਾਈ।
ਫ਼ਤਿਹ ਲਈ ਅਰਦਾਸ ਕਰਨ ਦੀ, ਆਪ ਨੂੰ ਅਰਜ਼ ਗੁਜ਼ਾਰੀ।
ਆਖਣ, ਧੋਖੇਬਾਜ਼ਾਂ ਕਾਰਨ, ਹੋਏ ਨਾ ਜੀਤ ਤੁਮਹਾਰੀ।

ਹਰੀਕੇ ਪੱਤਣ, ਛੱਡ ਜੈਕਾਰਾ, ਨਦੀ ਬੰਦੂਕ ਵਹਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ।...

ਪਿੰਡ ਆ ਕੇ ਖੇਤੀ ਵੀ ਕੀਤੀ, ਹੱਟੀ ਵੀ ਸੀ ਪਾਈ।
ਏਦਾਂ ਕਾਰ ਵਿਹਾਰ ਕਰਦਿਆਂ, ਕੀਤੀ ਧਰਮ ਕਮਾਈ।
ਐਪਰ ਪਿੰਡ ਵਿੱਚ ਲੰਮਾ ਅਰਸਾ, ਘੋਰ ਤਪੱਸਿਆ ਕੀਤੀ।
ਤਾਂ ਜੋ ਜੰਗੇ-ਆਜ਼ਾਦੀ ਖ਼ਾਤਰ, ਬਣ ਜਾਵੇ ਕੋਈ ਨੀਤੀ।

ਰੱਬ ਅੱਗੇ ਅਰਦਾਸ ਸੀ ਕੀਤੀ, ਰੱਬ ਨੂੰ ਜਪੇ ਲੋਕਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ।...



Sri Satguru Jagjit Singh Ji eLibrary NamdhariElibrary@gmail.com

'ਠਾਰਾਂ ਸੌ ਸਤਵੰਜਾ ਈਸਵੀ, ਬਾਰਾਂ ਅਪ੍ਰੈਲ ਵਿਸਾਖੀ।
ਪੰਜ ਸਿੰਘਾਂ ਨੇ ਅੰਮ੍ਰਿਤ ਛਕਿਆ, ਜੋ ਸਨ ਸਿੰਘ ਅਭਿਲਾਖੀ।
ਏਸੇ ਸ਼ੁਭ ਦਿਹਾੜੇ ਉੱਤੇ, ਸਫ਼ੈਦ ਝੰਡਾ ਲਹਿਰਾਇਆ।
ਦੇਸ਼ ਆਜ਼ਾਦ ਕਰਾਣ ਦੀ ਖ਼ਾਤਰ, ਅਮਨ ਦਾ ਨਾਹਰਾ ਲਾਇਆ।

ਚਿੱਟਾ ਝੰਡਾ ਅਮਨ ਨਿਸ਼ਾਨੀ, ਮਾਲਾ ਵੀ ਫਰਵਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ।...

ਸਮਾਜ ਸੁਧਾਰ, ਧਰਮ ਦੀ ਖ਼ਾਤਰ, ਕਾਫ਼ੀ ਹੁਕਮ ਸੁਣਾਏ।
ਤਾਂ ਜੋ ਦੇਸ਼ ਪੰਜਾਬ ਦਾ ਜੀਵਨ, ਕੁਝ ਸੁਖੀਆ ਹੋ ਜਾਏ।
ਇਸਤਰੀ ਲਈ ਸੁਧਾਰ ਜੀ ਕੀਤਾ, ਇਹ ਸੀ ਵੱਡ-ਉਪਕਾਰਾ।
ਸਾਰੇ ਲੋਕੀ ਸਿਫ਼ਤਾਂ ਕਰਦੇ, ਕੀਤਾ ਪਾਰ-ਉਤਾਰਾ।

ਨਾ ਵੱਟਾ, ਨਾ ਕੁੜੀਆਂ ਮਾਰੋ, ਵਿਧਵਾ ਵਿਆਹ ਕਰਵਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ।...

ਦੇਸ਼ ਆਜ਼ਾਦ ਕਰਵਾਉਣ ਦੀ ਖ਼ਾਤਰ, ਐਸੀ 'ਕੂਕ' ਸੀ ਮਾਰੀ।
ਬਾਈਕਾਟ, ਅਮਨ ਵਿੱਚ ਰਹਿ ਕੇ, ਕੂਕਿਆਂ ਕਰੀ ਤਿਆਰੀ।
ਬਿੱਲਾ ਦੁਸ਼ਟ, ਵਿਪਾਰਕ ਨੀਤੀ, ਭੈ-ਭੀਤ ਹੋ ਜਾਊ।
ਭੈ-ਭੀਤ ਹੋਵੇਗਾ ਜਿਸ ਦਮ, ਪਿੱਟੂ ਤੇ ਕੁਰਲਾਊ।

ਨਾ-ਮਿਲਵਰਤਣ ਲਹਿਰ ਸਤਿਗੁਰਾਂ, ਹਿੱਕ ਦੇ ਜ਼ੋਰ ਚਲਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ ਕਰ ਦਿੱਤੀ ਰੁਸ਼ਨਾਈ!...

ਦੇਸ਼ ਆਜ਼ਾਦ ਕਰਵਾਉਣ ਦੀ ਖ਼ਾਤਰ, ਦੇ ਗਏ ਸਿੰਘ ਕੁਰਬਾਨੀ।
ਭੰਬਟ ਜਿਉਂ ਮੱਚ ਜਾਣ ਸ਼ਮ੍ਹਾਂ 'ਤੇ, ਜਿਸ ਦਾ ਕੋਈ ਨਾ ਸਾਨੀ।
ਬੇਸ਼ੱਕ ਦੇਸ਼ ਨਿਕਾਲਾ ਹੋਇਆ, ਕਹਿ ਗਏ, ਮੁੜ ਕੇ ਆਵਾਂ।
ਗੋਰੇ ਦੀ ਸੜ ਜਾਊ ਹਕੂਮਤ, ਐਸਾ ਲਾਂਬੂ ਲਾਵਾਂ।

ਨਾ-ਮਿਲਵਰਤਣ ਗਾਂਧੀ ਜੀ ਨੇ, ਬਹੁਤ ਪਿੱਛੋਂ ਅਪਣਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!...



Sri Satguru Jagjit Singh Ji eLibrary NamdhariElibrary@gmail.com

ਅੱਜ ਜੋ ਦੇਸ਼ ਆਜ਼ਾਦੀ ਮਾਣੇ, ਸਿਰ ਜੋ ਉੱਚਾ ਹੋਏ।
ਕਿੰਨੇ ਕਸ਼ਟ ਸਹਾਰ ਗਏ ਉਹ, ਕਿੰਨੇ ਢੋਣੇ ਢੋਏ।
ਨਾਮ ਜਪਾ ਕੇ ਰੂਹਾਂ ਨਿਰਮਲ, ਸਵਤੰਤਰਤਾ ਸਹੀ ਨਿਸ਼ਾਨਾ।
ਦੋਵੇਂ ਗੱਲਾਂ ਸਫ਼ਲ ਹੋ ਗਈਆਂ, ਵੇਖੇ ਕੁੱਲ ਜ਼ਮਾਨਾ।

'ਪੰਛੀ' ਹੈ ਅਰਦਾਸਾਂ ਕਰਦਾ, ਜਾਵੇ ਮੁੱਕ ਜੁਦਾਈ।
ਧੰਨ ਗੁਰੂ-ਬਾਬਾ ਰਾਮ ਸਿੰਘ ਜੀ, ਐਸੀ ਜੋਤ ਜਗਾਈ।
ਭਾਰਤ ਮਾਂ ਦੇ 'ਨੇਰੇ ਘਰ ਵਿੱਚ, ਕਰ ਦਿੱਤੀ ਰੁਸ਼ਨਾਈ!...

ਆਵੋ ਬੱਚਿਓ, ਆਵੋ, ਆਵੋ, ਦੇਸ਼ ਭਗਤ ਬਣ ਜਾਵੋ।
ਧੰਨ ਗੁਰੂ ਬਾਬਾ ਰਾਮ ਸਿੰਘ ਦੀ, ਜੈ ਜੈ ਕਾਰ ਬੁਲਾਵੋ।
ਤਾਂਹੀ ਤਾਂ ਸਤਿਗੁਰ ਦੇ ਉੱਤੋਂ, 'ਪੰਛੀ' ਬਲ ਬਲ ਜਾਈ!
ਕੁਰਬਾਨੀ ਦਾ ਮੁੱਲ ਉਤਾਰੋ, ਕੀਤੀ ਬੜੀ ਭਲਾਈ!!

◆◆◆



Sri Satguru Jagjit Singh Ji eLibrary NamdhariElibrary@gmail.com

## ਨੇਤਾ ਪਿਆਰਾ

(ਬਾਪੂ ਗਾਂਧੀ)

ਦੋ ਅਕਤੂਬਰ, ਪੋਰਬੰਦਰ ਵਿੱਚ,
ਜਨਮ ਜਿਨ੍ਹਾਂ ਦਾ ਹੋਇਆ।
ਪੁਤਲੀ ਬਾਈ ਪੁੱਤ ਨੂੰ ਤੱਕ ਕੇ,
ਰਾਗ ਖ਼ੁਸ਼ੀ ਦਾ ਛੋਹਿਆ।

ਮੋਹਨ ਦਾਸ ਕਰਮ ਚੰਦ ਗਾਂਧੀ,
ਪੂਰਾ ਨਾਮ ਰਖਾਇਆ।
ਸੱਭੇ ਲਾਡ ਲਡਾਵਣ ਲੱਗੇ,
ਸਭ ਦੇ ਮਨ ਨੂੰ ਭਾਇਆ।

ਵਿੱਚ ਸਕੂਲ ਦੇ ਪੜ੍ਹਦੇ ਹੋਏ,
ਸੱਚ ਦੀ ਬਿਰਤੀ ਧਾਰੀ।
ਕਹਿ-ਕਹਿ ਥੱਕਿਆ ਸੀ ਅਧਿਆਪਕ,
ਨਕਲ ਨਾ ਫਿਰ ਵੀ ਮਾਰੀ।

ਏਸ ਤਰ੍ਹਾਂ ਹੀ ਪੜ੍ਹਦੇ-ਪੜ੍ਹਦੇ,
ਕਾਲਜ ਵਿੱਦਿਆ ਪਾਈ।
ਐਲ.ਐਲ.ਬੀ. ਦੀ ਲੰਡਨ ਜਾ ਕੇ,
ਕੀਤੀ ਸਖ਼ਤ ਪੜ੍ਹਾਈ।

ਵਿੱਚ ਵਲੈਤ ਦੇ ਰਹਿ ਕੇ ਉਹਨਾਂ,
ਮਾਂ ਦਾ ਬਚਨ ਨਿਭਾਇਆ।
ਲੰਦਨ ਵਾਲੇ ਐਸ਼ੀ ਜੀਵਨ ਤੋਂ,
ਸੀ ਮੂੰਹ ਭੰਵਾਇਆ।



Sri Satguru Jagjit Singh Ji eLibrary NamdhariElibrary@gmail.com

ਕਸਤੂਰਬਾ ਸੰਗ ਵਿਆਹ ਕਰਾ ਕੇ,
ਜੀਵਨ ਸਫ਼ਲ ਬਣਾਇਆ।
ਪਤਨੀ ਨਾਲ ਮੁਹੱਬਤ ਕਰ ਕੇ,
ਘਰ ਦਾ ਬਾਗ਼ ਮਹਿਕਾਇਆ।

ਸਤਿਆਗ੍ਰਹਿ ਦੀ ਵਿੱਚ ਅਫ਼ਰੀਕਾ,
ਜਾ ਕੇ ਲਹਿਰ ਚਲਾਈ।
ਦੇਸ਼ ਪਰਤ ਕੇ ਵਿੱਚ ਕਾਂਗਰਸ,
ਜਿੰਦੜੀ ਘੋਲ ਘੁਮਾਈ।

ਅੰਗਰੇਜ਼ਾਂ ਦੀ ਪਹਿਲੀ ਜੰਗ ਵਿੱਚ,
ਕਰੀ ਸਹਾਇਤਾ ਭਾਰੀ।
ਤਾਂ ਜੋ ਦੇਸ਼ ਆਜ਼ਾਦੀ ਖ਼ਾਤਰ,
ਜਾਵੇ ਦਿਸ਼ਾ ਸੰਵਾਰੀ।

ਸਖ਼ਤ ਰਵੱਈਆ ਧਾਰ ਹਕੂਮਤ,
ਰੋਲਟ ਐਕਟ ਬਣਾਇਆ।
ਆਜ਼ਾਦੀ ਦੀ ਗੱਲ ਕਰੇ ਨਾ,
ਕੋਈ ਵੀ ਭਾਰਤ ਜਾਇਆ।

ਜੱਲ੍ਹਿਆਂ ਵਾਲੇ ਬਾਗ਼ ਦਾ ਸਾਕਾ,
ਅੰਮ੍ਰਿਤਸਰ ਵਿੱਚ ਹੋਇਆ।
ਜਨਰਲ ਡਾਇਰ ਦਾ ਹੋਇਆ ਸਿਆਪਾ,
ਡਾਢਾ ਐਕਸ਼ਨ ਹੋਇਆ।

ਫਿਰ ਗਾਂਧੀ ਜੀ ਇਸ ਗ਼ਲਤੀ 'ਤੇ,
ਡਾਢੇ ਹੀ ਪਛਤਾਏ।
ਨਾ-ਮਿਲਵਰਤਣ ਲਹਿਰ ਦੇ ਉਹਨਾਂ,
ਝੰਡੇ ਫੇਰ ਲਹਿਰਾਏ।



Sri Satguru Jagjit Singh Ji eLibrary NamdhariElibrary@gmail.com

ਪਰ ਅੰਗਰੇਜ਼ਾਂ ਸਖ਼ਤੀ ਕੀਤੀ,
ਲੀਡਰ ਸਭ ਫੜਵਾਏ।
ਗ੍ਰਿਫ਼ਤਾਰੀਆਂ ਭਾਰੀ ਹੋਈਆਂ,
ਜੇਲ੍ਹੀਂ ਸਭ ਭਿਜਵਾਏ।

ਵਿੱਚ ਲਾਹੌਰ ਦੇ ਰਾਵੀ ਕੰਢੇ,
ਕਾਨਫ਼ਰੰਸ ਜੋ ਹੋਈ।
ਪੂਰਨ ਤੌਰ 'ਤੇ ਮਿਲੇ ਆਜ਼ਾਦੀ,
ਕਹਿੰਦਾ ਸੀ ਹਰ ਕੋਈ।

ਸੰਨ ਬਿਆਲੀ ਅੰਦਰ 'ਭਾਰਤ ਛੱਡੋ',
ਦਾ ਨਾਹਰਾ ਲਾਇਆ।
ਦੂਜੀ ਜੰਗ 'ਚ ਫਸਿਆ ਦੁਸ਼ਮਣ,
ਡਾਢਾ ਸੀ ਘਬਰਾਇਆ।

ਨਾਲ ਲੀਡਰਾਂ ਜੇਲ੍ਹਾਂ ਕੱਟੀਆਂ,
ਕਦੇ ਵੀ ਸੀ ਨਾ ਵੱਟੀ।
ਸਤਿਆ-ਗ੍ਰਹਿ ਨੂੰ ਲੈ ਕੇ ਜੱਲੇ,
ਇਹੋ ਖੱਟੀ ਖੱਟੀ।

ਗਾਂਧੀ ਜੀ ਦੇ ਯਤਨ ਨਿਰਾਲੇ,
ਦੇਸ਼ ਆਜ਼ਾਦ ਕਰਾਇਆ।
ਜੈ ਜੈ ਕਾਰ ਜਗਤ ਵਿੱਚ ਹੋਈ,
ਸਭ ਨੇ ਸ਼ੁਕਰ ਮਨਾਇਆ।

ਥੋੜ੍ਹਾ ਭੋਜਨ, ਸਾਦਾ ਜੀਵਨ,
ਇੱਕ ਡੰਗੋਰੀ ਫੜ ਕੇ।
ਬਿਨ ਹਥਿਆਰੋਂ ਸਾਮਰਾਜ ਨੂੰ,
ਭਾਜੜ ਪਾਈ ਲੜ ਕੇ।

Sri Satguru Jagjit Singh Ji eLibrary NamdhariElibrary@gmail.com

ਦਲਿਤ ਜਾਤੀਆਂ ਖ਼ਾਤਰ ਉਸ ਨੇ,
ਸਿਦਕੀ ਲਹਿਰ ਚਲਾਈ।
ਵਿਹੜਿਆਂ ਅੰਦਰ ਜਾ ਕੇ ਉਸਨੇ,
ਕੀਤੀ ਬੜੀ ਭਲਾਈ।

ਚਰਖਾ ਕੱਤਿਆ ਵਿੱਚ ਆਸ਼ਰਮ,
ਹੋਰਿਆਂ ਨੂੰ ਵੀ ਲਾਇਆ।
'ਗੀਤਾ' ਹੀ ਆਦਰਸ਼ ਓਸਦਾ,
ਅਹਿੰਸਾ ਸਰਮਾਇਆ।

ਬਿਰਲਾ ਮੰਦਰ ਦੇ ਦਰ ਉੱਤੇ,
ਫ਼ਾਇਰ 'ਗਾਡਸੇ' ਕੀਤੇ।
'ਰਾਮ ਰਾਮ' ਕਹਿ ਗਾਂਧੀ ਜੀ ਨੇ,
ਸਵਾਸ ਆਖ਼ਰੀ ਲੀਤੇ।

ਬਾਪੂ ਗਾਂਧੀ ਕੌਮ ਦਾ ਰਹਿਬਰ,
'ਰਾਮ ਰਾਜ' ਸੀ ਨਾਹਰਾ।
'ਪੰਛੀ' ਜੱਗ ਵਿੱਚ ਨਾਮ ਰਹੇਗਾ,
ਉਹ ਸੀ 'ਨੇਤਾ ਨਿਆਰਾ।'

◆ ◆ ◆



Sri Satguru Jagjit Singh Ji eLibrary NamdhariElibrary@gmail.com

## ਬਾਪੂ ਗਾਂਧੀ

(ਪੁਰਸ਼ ਮਹਾਨ)

ਜੋੜੋ ਹੱਥ, ਕਰੋ ਪ੍ਰਣਾਮ।
ਬਾਪੂ ਗਾਂਧੀ, ਪੁਰਸ਼ ਮਹਾਨ।

ਸਿੱਖ, ਹਿੰਦੂ ਜਾਂ ਮੁਸਲਮਾਨ,
ਸਭ ਦਾ ਭਲਾ ਕਰੇ ਭਗਵਾਨ।

ਜਪਦੇ ਸੀ ਉਹ 'ਰਾਧੇ-ਸ਼ਾਮ',
ਕੁਦਰਤ ਤੋਂ ਜਾਂਦੇ ਕੁਰਬਾਨ।

ਛੋਟੀ ਕੁਟੀਆ ਉਸ ਦਾ ਧਾਮ,
ਸਾਦਾ ਜੀਵਨ ਸੀ ਵਰਦਾਨ।

ਮੰਦਰ ਦੇ ਵੱਲ ਰਹੇ ਧਿਆਨ,
'ਗੀਤਾ' ਵੀ ਸੀ ਉਸਦੀ ਜਾਨ।

ਸੱਤਿਆ-ਗ੍ਰਹਿ ਦੀ ਫੜੀ ਕਮਾਨ,
ਸਤਿ-ਅਹਿੰਸਾ ਦਾ ਵਰਦਾਨ।

ਨਾ-ਮਿਲਵਰਤਣ ਦੇ ਵੱਲ ਧਿਆਨ,
ਦੇਸ਼ ਆਜ਼ਾਦੀ ਉਸ ਦੀ ਸ਼ਾਨ।

ਸੁਦੇਸ਼ੀ ਵਿੱਚ ਹੈ ਕਲਿਆਣ,
ਚਰਖਾ ਕੱਤ ਕਰੇ ਗੁਜਰਾਨ।

ਬੁਰਾ ਨਾ ਸੋਚੋ ਵਿੱਚ ਜਹਾਨ,
ਖ਼ੁਸ਼ ਹੋਵੇ ਤਾਹੀਂ ਭਗਵਾਨ।



Sri Satguru Jagjit Singh Ji eLibrary NamdhariElibrary@gmail.com

ਜਿੱਥੇ ਵਿੱਚਰੇ 'ਸੀਤਾ-ਰਾਮ',।
ਦੇਸ਼ ਮੇਰੇ ਦੀ ਉੱਚੀ ਸ਼ਾਨ।

ਦੁਬਲਾ ਪਤਲਾ ਸੀ ਇਨਸਾਨ,
ਪਰ ਰੂਹ ਸੀ ਉਸਦੀ ਬਲਵਾਨ।

ਕੋਈ 'ਗੀਤਾ' ਪੜ੍ਹੇ 'ਕੁਰਾਨ',
ਉਸ ਦੀ ਨਜ਼ਰ 'ਚ ਇੱਕ ਸਮਾਨ।

ਬੇਸ਼ੱਕ 'ਪੰਛੀ' ਬੜਾ ਨਾਦਾਨ,
ਵੰਡੇ ਗੀਤਾਂ ਵਿੱਚ ਮੁਸਕਾਨ।

'ਪੰਛੀ' ਭਾਵੇਂ ਨਹੀਂ ਮਹਾਨ,
ਵੰਡਦੈ ਬੱਚਿਆਂ ਨੂੰ ਮੁਸਕਾਨ।

ਬੱਚਿਓ ਤੁਸੀਂ ਵੀ ਬਣੋ ਮਹਾਨ,
'ਪੰਛੀ' ਦਾ ਇਹੋ ਫ਼ੁਰਮਾਨ।

◆◆◆



Sri Satguru Jagjit Singh Ji eLibrary NamdhariElibrary@gmail.com

## ਗੀਤ

(ਸਤਿ ਅਹਿੰਸਾ ਸਰਮਾਇਆ)

ਸੱਤਿਆ-ਗ੍ਰਹਿ ਨੂੰ ਗਾਂਧੀ ਜੀ ਨੇ,
ਜੀਵਨ ਵਿੱਚ ਅਪਣਾਇਆ।
ਸਤਿ-ਅਹਿੰਸਾ ਸੀ ਉਸ ਖ਼ਾਤਰ,
ਜੀਵਨ ਦਾ ਸਰਮਾਇਆ।

1869 ਦੀ ਦੋ ਅਕਤੂਬਰ,
ਜਨਮ ਗੁਜਰਾਤ 'ਚ ਹੋਇਆ।
ਪੋਰਬੰਦਰ ਵਿੱਚ ਖੇਡਿਆ-ਮੱਲਿਆ,
ਸਭ ਦੇ ਮਨ ਨੂੰ ਮੋਹਿਆ।

ਵਿੱਚ ਸਕੂਲ ਦੇ ਪੜ੍ਹਦੇ ਹੋਏ,
ਸੱਚ ਨੂੰ ਗਲੇ ਲਗਾਇਆ।...

ਭਾਵੇਂ ਵਿੱਚ ਵਲਾਇਤ ਦੇ ਜਾ ਕੇ,
ਵਿੱਦਿਆ ਉਸ ਨੇ ਪਾਈ।
ਪਰ ਵਲਾਇਤੀ ਜੀਵਨ-ਧਾਰਾ,
ਬਿਲਕੁਲ ਨਾ ਅਪਣਾਈ।

ਮਾਪਿਆਂ ਦੀ ਸਿੱਖਿਆ ਨਾ ਛੱਡੀ,
ਇਹ ਭਾਰਤ ਦਾ ਜਾਇਆ।....

ਅਫ਼ਰੀਕਾ ਵਿੱਚ ਕਾਲਿਆਂ ਖ਼ਾਤਰ,
ਐਸੀ ਲਹਿਰ ਚਲਾਈ।
ਸੱਤਿਆ-ਗ੍ਰਹਿ ਦੀ ਫੜੀ ਡੰਗੋਰੀ,
ਵਿਹੰਦੀ ਰਹੀ ਲੁਕਾਈ।



Sri Satguru Jagjit Singh Ji eLibrary NamdhariElibrary@gmail.com

ਮਾਨੁੱਖਤਾ ਦੀ ਸ਼ਾਨ ਦੀ ਖ਼ਾਤਰ,
ਖ਼ੂਬ ਸੀ ਨਾਹਰਾ ਲਾਇਆ।...

ਦੇਸ਼ ਦੇ ਅੰਦਰ ਰਹਿਬਰ ਬਣ ਕੇ,
ਕੀਤੀ ਸੀ ਅਗਵਾਈ।
ਸਤਿ-ਅਹਿੰਸਾ ਨਾ-ਮਿਲਵਰਤਣ,
ਵਾਲੀ ਰੀਤ ਚਲਾਈ।

ਸ਼ਾਂਤਮਈ ਦੇ ਨਾਲ ਓਸ ਨੇ,
ਦੇਸ਼ ਆਜ਼ਾਦ ਕਰਾਇਆ।...

ਭਾਰਤ ਦੇ ਇਤਿਹਾਸ ਦੇ ਅੰਦਰ,
ਗਾਂਧੀ ਅਮਰ ਰਹੇਗਾ।
ਚੰਗਾ ਨਾਮ ਕਮਾਇਆ ਉਸਨੇ,
ਹਰ ਕੋਈ ਇੰਝ ਕਹੇਗਾ।

ਸਾਦੇ ਜੀਵਨ ਵਾਲਾ ਨੇਤਾ,
'ਪੰਛੀ' ਨੂੰ ਵੀ ਭਾਇਆ।...

ਸੱਤਿਆ-ਗ੍ਰਹਿ ਨੂੰ ਗਾਂਧੀ ਜੀ ਨੇ,
ਜੀਵਨ ਵਿੱਚ ਅਪਣਾਇਆ।
ਸਤਿ ਅਹਿੰਸਾ ਸੀ ਉਸ ਖ਼ਾਤਰ,
ਜੀਵਨ ਦਾ ਸਰਮਾਇਆ।

◆◆◆



Sri Satguru Jagjit Singh Ji eLibrary NamdhariElibrary@gmail.com

## ਗੀਤ

(ਭਾਰਤ ਲਈ ਕੁਰਬਾਨੀ)

ਬਾਪੂ ਗਾਂਧੀ ਦੇਸ਼ ਦੀ ਖ਼ਾਤਰ,
ਆਖ਼ਰ ਹੋ ਕੁਰਬਾਨ ਗਏ।
ਪਿਆਰੀ ਭਾਰਤ ਮਾਂ ਦੀ ਖ਼ਾਤਰ,
ਵਾਰ ਆਪਣੀ ਜਾਨ ਗਏ।...

ਦੋ ਅਕਤੂਬਰ, ਪੋਰਬੰਦਰ ਵਿੱਚ,
ਵਿੱਚ ਗੁਜਰਾਤ ਦੇ ਜਨਮ ਲਿਆ।
ਬਚਪਨ ਖੇਡਾਂ ਵਿੱਚ ਲਗਾਇਆ,
ਵਿੱਚ ਸਕੂਲ ਦੇ ਪੜ੍ਹਨ ਗਿਆ।

ਆਮ ਜਿਹੇ ਮੁੰਡਿਆਂ ਦੇ ਵਾਂਗੂੰ,
ਪੜ੍ਹ ਕੇ ਹੋ ਪਰਵਾਨ ਗਏ।...

ਐਲ.ਐਲ.ਬੀ. ਦੀ ਕਰੀ ਪੜ੍ਹਾਈ,
ਵਿੱਚ ਵਲਾਇਤ ਦੇ ਜਾ ਕੇ।
ਦੇਸ਼ ਪਰਤ ਕੇ ਵਿੱਚ ਕਚਹਿਰੀ,
ਕਰੀ ਵਕਾਲਤ ਆ ਕੇ।

ਵਿੱਚ ਅਫ਼ਰੀਕਾ ਕੇਸ ਲੜਨ ਲਈ,
ਛੱਡ ਕੇ ਹਿੰਦੁਸਤਾਨ ਗਏ।...

ਵਿੱਚ ਅਫ਼ਰੀਕਾ ਕਾਲੇ ਲੋਕਾਂ ਦਾ,
ਹੁੰਦਾ ਸੀ ਅਪਮਾਨ ਬੜਾ।
ਏਸੇ ਗੱਲ ਵੱਲ ਗਾਂਧੀ ਜੀ ਦਾ,
ਖਿੱਚਿਆ ਗਿਆ ਧਿਆਨ ਬੜਾ।



Sri Satguru Jagjit Singh Ji eLibrary NamdhariElibrary@gmail.com

ਮਨੁੱਖੀ ਅਧਿਕਾਰਾਂ ਖ਼ਾਤਰ,
ਆਪਣਾ ਸੀਨਾ ਤਾਣ ਗਏ।...

ਕਾਂਗਰਸ ਵਿੱਚ ਮਿਲ ਕੇ ਉਹਨਾਂ,
ਬੜੀ ਘਾਲਣਾ ਘਾਲੀ।
ਨਾ-ਮਿਲਵਰਤਣ ਲਹਿਰ ਚਲਾਈ,
ਕੌਮ ਨੇ ਸੁਰਤ ਸੰਭਾਲੀ।

ਉੱਠੋ, ਜਾਗੋ, ਦੇਸ਼ ਵਾਸੀਓ,
ਕਰਦੇ ਹੋਏ ਐਲਾਨ ਗਏ।...

ਓ ਅੰਗਰੇਜ਼ੋ 'ਭਾਰਤ ਛੱਡੋ',
ਸਭ ਨੇ ਨਾਹਰੇ ਲਾਏ।
ਕਰੀ ਹਕੂਮਤ ਪੂਰੀ ਸਖ਼ਤੀ,
ਲੀਡਰ ਜੇਲ੍ਹੀਂ ਪਾਏ।

'ਪੰਛੀ' ਦੇਸ਼ ਆਜ਼ਾਦ ਹੋ ਗਿਆ,
ਕਰਕੇ ਉੱਚੀ ਸ਼ਾਨ ਗਏ।...

ਬਾਪੂ ਗਾਂਧੀ ਦੇਸ਼ ਦੀ ਖ਼ਾਤਰ,
ਆਖ਼ਰ ਹੋ ਕੁਰਬਾਨ ਗਏ।
ਪਿਆਰੀ ਭਾਰਤ ਮਾਂ ਦੀ ਖ਼ਾਤਰ,
ਵਾਰ ਆਪਣੀ ਜਾਨ ਗਏ।

♦ ♦ ♦


Sri Satguru Jagjit Singh Ji eLibrary NamdhariElibrary@gmail.com

# ਗੀਤ

## (ਕੌਮ ਦਾ ਨੇਤਾ)

ਬਾਪੂ ਗਾਂਧੀ ਕੌਮ ਦਾ ਨੇਤਾ,
ਨੇਤਾ ਬੜਾ ਨਿਆਰਾ ਸੀ।
ਸਤਿ ਅਹਿੰਸਾ ਦਾ ਰਾਹ ਫੜਿਆ,
ਰਸਤਾ ਬੜਾ ਪਿਆਰਾ ਸੀ।

ਪੂਰਬੰਦਰ ਗੁਜਰਾਤ ਪ੍ਰਾਂਤ ਵਿੱਚ,
ਜਨਮ ਲਿਆ ਮੁਸਕਾਇਆ।
ਮੋਹਨ ਦਾਸ ਕਰਮ ਚੰਦ ਗਾਂਧੀ,
ਪੂਰਾ ਨਾਮ ਰਖਾਇਆ।

ਪੁਤਲੀ ਬਾਈ ਲਾਡ ਲਡਾਵੇ,
ਉਸ ਦਾ ਇਹੋ ਸਹਾਰਾ ਸੀ।...

ਸਾਦ-ਮੁਰਾਦਾ ਜੀਵਨ ਉਸ ਨੇ,
ਰਿਸ਼ੀਆਂ ਵਾਂਗ ਬਿਤਾਇਆ।
ਧੋਤੀ ਅਤੇ ਲੰਗੋਟੀ ਪਹਿਨੀ,
ਖੱਦਰ ਨੂੰ ਅਪਨਾਇਆ।

ਵਿੱਚ ਆਸ਼ਰਮ ਕੁਟੀਆ ਉਸਦੀ,
ਉੱਚਾ ਮਹਿਲ ਮੁਨਾਰਾ ਸੀ।...

ਸਤਿਆ-ਗ੍ਰਹਿ ਦੀ ਲਹਿਰ ਓਸ ਨੇ,
ਲੋਕਾਂ ਵਿੱਚ ਪਰਚਾਰੀ।
ਵੇਖੋ, ਬਾਪੂ ਗਾਂਧੀ ਪਿੱਛੇ,
ਖ਼ਲਕਤ ਤੁਰ ਪਈ ਸਾਰੀ।



Sri Satguru Jagjit Singh Ji eLibrary NamdhariElibrary@gmail.com

ਦੇਸ਼ ਵਾਸੀਆਂ ਖ਼ਾਤਰ ਓਦੋਂ,
ਹੋਰ ਨਾ ਕੋਈ ਚਾਰਾ ਸੀ।...

ਬੜੀ ਮੁਸੀਬਤ ਝੱਲੀ ਐਪਰ,
ਹਿੰਸਾ ਨਹੀਂ ਅਪਣਾਈ।
ਹਥਿਆਰਾਂ ਦੀ ਜੰਗ ਸੀ ਔਖੀ,
ਸਭ ਨੂੰ ਗੱਲ ਸਮਝਾਈ।

ਏਸੇ ਗੱਲ ਨੇ ਨਾਮ ਓਸ ਦਾ,
ਕਰ ਦਿੱਤਾ ਉਜਿਆਰਾ ਸੀ।...

ਭਾਵੇਂ ਉਸਦੇ ਸੰਗੀ ਸਾਥੀ,
ਕਰਦੇ ਬੜਾ ਵਿਰੋਧ ਰਹੇ।
ਉਹ ਚਾਹੁੰਦਾ ਸੀ ਦੇਸ਼ ਨਾ ਵੰਡੇ,
ਨਾ ਕੋਈ ਐਵੇਂ ਖ਼ੂਨ ਵਹੇ।

'ਪੰਛੀ' ਸੰਨ ਸੰਤਾਲੀ ਅੰਦਰ,
ਦੇਸ਼ ਡੋਲ ਗਿਆ ਸਾਰਾ ਸੀ।...

ਬਾਪੂ ਗਾਂਧੀ ਕੌਮ ਦਾ ਨੇਤਾ,
ਨੇਤਾ ਬੜਾ ਨਿਆਰਾ ਸੀ।
ਸਤਿ ਅਹਿੰਸਾ ਦਾ ਰਾਹ ਫੜਿਆ,
ਰਸਤਾ ਬੜਾ ਪਿਆਰਾ ਸੀ।

◆◆◆



Sri Satguru Jagjit Singh Ji eLibrary NamdhariElibrary@gmail.com

# ਜੰਗਲ ਦਾ ਰਾਜ

ਇਹ ਜੰਗਲ ਦਾ ਰਾਜ ਪਿਆਰੇ
ਵੇਖੋ ਕੇਹਾ ਸਮਾਜ ਪਿਆਰੇ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਜਿਸ ਦੀ ਲਾਠੀ ਉਸ ਦੀ ਮੱਝ

ਹਰੇ ਭਰੇ ਇੱਕ ਜੰਗਲ ਦੇ ਵਿੱਚ,
ਇੱਕ ਨਦੀ ਸੀ ਵਹਿੰਦੀ।
ਆਪਣੀ ਮਸਤ ਚਾਲ ਉਹ ਚਲਦੀ,
ਕਲ-ਕਲ ਕਰਦੀ ਰਹਿੰਦੀ।

ਨਦੀ ਕਿਨਾਰੇ ਜੰਗਲ ਅੰਦਰ,
ਬੜੇ ਜਾਨਵਰ ਵਸਦੇ।
ਸਭੇ ਸੰਗੀ ਸਾਥੀ ਓਥੇ,
ਵਸਦੇ, ਹਸਦੇ, ਰਸਦੇ।

ਖ਼ੁਸ਼ੀਆਂ ਨਾਲ ਉਹ ਜੀਵਨ ਜੀਂਦੇ,
ਰੁੱਖਾ, ਸੁੱਖਾ, ਖਾਂਦੇ।
ਸੁਬ੍ਹਾ ਸਵੇਰੇ ਅਤੇ ਸ਼ਾਮ ਨੂੰ,
ਆਪਣੀ ਪਿਆਸ ਬੁਝਾਂਦੇ।

ਭੇਡ, ਬੱਕਰੀਆਂ ਪਾਣੀ ਪੀਵਣ,
ਨਾਲ ਉਹਨਾਂ ਦੇ ਲੇਲੇ।
ਖੇਡਣ ਮੱਲਣ ਪਿਆਰੇ ਲੇਲੇ,
ਨਾ ਕੋਈ ਹੋਰ ਝਮੇਲੇ।

ਏਧਰ-ਓਧਰ ਹਾਥੀ, ਚੀਤੇ,
ਨਾਲੇ ਸ਼ੇਰ ਬਘੇਰੇ।
ਕਿਤੇ ਕਿਤੇ ਬਘਿਆੜ ਵੀ ਏਧਰ,
ਰਹੇ ਮਾਰਦਾ ਗੇੜੇ।

ਭੁੱਚਰ ਵਰਗਾ ਲੇਲਾ ਸੀ ਜੋ,
ਮਨ-ਮਾਨੀ ਸੀ ਕਰਦਾ।
ਬਿਨ ਪੁੱਛਿਆਂ ਉਹ ਮਾਂ ਆਪਣੀ ਤੋਂ,
ਘਰੋਂ ਬਾਹਰ ਪੱਬ ਧਰਦਾ।


Sri Satguru Jagjit Singh Ji eLibrary NamdhariElibrary@gmail.com

ਕਲਮ-'ਕੱਲਾ ਨਦੀ ਕਿਨਾਰੇ,
ਪੀਵਣ ਆ ਗਿਆ ਪਾਣੀ।
ਕੀ ਜਾਣੇ ਉਹ ਭੰਗ ਦੇ ਭਾਣੇ,
ਜਾਨ ਓਸ ਦੀ ਜਾਣੀ।

ਜ਼ੋਰਾਵਰ ਬਘਿਆੜ ਨੇ ਤੱਕਿਆ,
ਲੇਲਾ ਭੁੱਚਰ ਵਰਗਾ।
ਖਾਵਣ ਦੇ ਲਈ ਬਣਤ ਬਣਾਵੇ,
ਮੂੰਹ ਵਿੱਚ ਪਾਣੀ ਭਰਦਾ।

ਗਰਜ਼ ਕਿਹਾ, 'ਓ ਲੇਲੇ',
ਤੂੰ ਪਾਣੀ ਗੰਧਲਾ ਕੀਤਾ।
ਪਾਣੀ ਗੰਧਲਾ ਕੀਤਾ ਹੈ ਤੂੰ,
ਜਾਏ ਨਾ ਮੈਥੋਂ ਪੀਤਾ।

'ਨਾ ਸਾਹਿਬ ਇਹ ਪਾਣੀ ਵੇਖੋ,
ਆਪ ਵੱਲੋਂ ਹੀ ਆਵੇ।
ਆਪ ਵੱਲੋਂ ਜਦ ਆਵੇ ਪਾਣੀ,
ਕਿਉਂ ਗੰਧਲਾ ਹੋ ਜਾਵੇ।'

'ਅੱਜ ਨਹੀਂ ਤਾਂ ਪਿਛਲੇ ਸਾਲੀਂ,
ਤੂੰ ਹੋਣੈਂ ਇੰਝ ਕੀਤਾ।'
'ਪਿਛਲੇ ਸਾਲ ਤਾਂ ਰੱਬ ਕੋਲ ਸੀ,
ਪਿਆਰੇ ਸਾਹਿਬ ਮੀਤਾ।'

'ਜਾਂ ਫਿਰ ਤੇਰੀ ਮਾਂ ਹੋਵੇਗੀ,
ਜਾਂ ਤੇਰਾ ਪਿਓ ਹੋਣੈਂ,
ਕੀਤਾ ਬੜਾ ਕਸੂਰ ਤੁਸੀਂ ਹੈ,
ਹੁਣ ਤੂੰ ਐਵੇਂ ਰੋਣੈਂ।



Sri Satguru Jagjit Singh Ji eLibrary NamdhariElibrary@gmail.com

ਏਨੀ ਕਹਿ ਬਘਿਆੜ ਝਪਟਿਆ,
ਇੱਕੋ ਝਪਟ ਚਲਾਵੇ।
ਓਸ ਵਿਚਾਰੇ ਲੇਲੇ ਤਾਈਂ,
ਮਾਰ ਪਚਾਕੇ ਖਾਵੇ।

ਸੱਤੀ ਵੀਹੀਂ ਸੌ ਸਕਤੇ ਦਾ,
ਇਹ ਗੱਲ ਬੜੀ ਪੁਰਾਣੀ।
ਜਿਸ ਦੀ ਲਾਠੀ ਮੱਝ ਓਸ ਦੀ,
ਹੁਣ ਵੀ ਝੂਠ ਨਾ ਜਾਣੀ।

'ਪੰਛੀ' ਜੇਕਰ ਨਿਆਣਾ ਲੇਲਾ,
ਮਾਪਿਆਂ ਦੇ ਸੰਗ ਹੋਂਦਾ।
ਕਾਹਨੂੰ 'ਕੱਲਾ ਰਹਿ ਕੇ,
ਆਪਣੀ, ਜਾਨ ਅਜਾਈਂ ਖੋਂਦਾ।

◆ ◆ ◆



Sri Satguru Jagjit Singh Ji eLibrary NamdhariElibrary@gmail.com

## ਬਿਨ ਸੋਚੇ, ਬਿਨ ਸਮਝੇ 'ਪੰਛੀ'

ਮੰਮੂ, ਸੋਨੂੰ, ਗੁੱਗੂ ਆਵੋ,
ਥੋਨੂੰ ਬਾਤ ਸੁਣਾਵਾਂ।
ਹੈਪੀ, ਰਿੰਕੂ, ਸਵੀਟੀ ਨੂੰ ਵੀ,
ਥੋਡੇ ਕੋਲ ਬਹਾਵਾਂ।

ਇੱਕ ਜੰਗਲ ਵਿੱਚ ਬੜੇ ਜਾਨਵਰ,
ਰਹਿਣ ਚੁੰਗੀਆਂ ਭਰਦੇ।
ਨਿੱਕੇ ਵੱਡੇ ਪਿਆਰੇ ਪਿਆਰੇ,
ਬਹੁਤ ਕਲੋਲਾਂ ਕਰਦੇ।

ਇੱਕ ਲੂੰਬੜੀ ਚੰਚਲ-ਹਾਰੀ,
ਟਪਦੀ ਰਹੇ ਚੁਫ਼ੇਰੇ।
ਖ਼ੂਬ ਰਾਤ ਨੂੰ ਨੀਂਦਾ ਲਾਹਵੇ,
ਉੱਠੇ ਸੁਬ੍ਹਾ ਸਵੇਰੇ।

ਵੇਖੋ ਬੀਬਾ, ਇੱਕ ਦਿਨ ਤੜਕੇ,
ਐਸਾ ਭਾਣਾ ਹੋਇਆ।
ਮੂੰਹ 'ਨੇਰ੍ਹੇ ਉਹ ਖੂਹ ਵਿੱਚ ਗਿਰ ਗਈ,
ਨਜ਼ਰ ਨਾ ਆਇਆ ਟੋਇਆ।

ਪਾਣੀ ਵਿੱਚੋਂ ਛਾਲ ਨਾ ਵੱਜੇ,
ਡਾਹਢਾ ਜ਼ੋਰ ਲਗਾਵੇ।
ਮਨ ਵਿੱਚ ਬੜੀਆਂ ਸੋਚਾਂ ਸੋਚੇ,
ਪੇਸ਼ ਨਾ ਕੋਈ ਜਾਵੇ।

ਹੱਥ ਜੋੜ ਕੇ ਕਰੇ ਬੇਨਤੀ,
ਹੇ! ਭਗਵਾਨ ਪਿਆਰੇ।
ਕਰੋ ਸਹਾਇਤਾ ਦੁਖਿਆਰੀ ਦੀ,
ਹੋਵਣ ਵਾਰੇ ਨਿਆਰੇ।



Sri Satguru Jagjit Singh Ji eLibrary NamdhariElibrary@gmail.com

ਵੇਖੋ ਕੁਦਰਤ ਰੱਬ ਸੱਚੇ ਦੀ,
ਇੱਕ ਬੱਕਰੀ ਆ ਜਾਵੇ।
ਖੂਹ ਦੇ ਵਿੱਚ ਲੂੰਬੜੀ ਤੱਕੀ,
ਨੈਣੋਂ ਨੀਰ ਵਹਾਵੇ।

ਪਰ ਉਹ ਬੜੀ ਚਲਾਕ ਲੂੰਬੜੀ,
ਸੰਭਲ ਗਈ ਤੇ ਬੋਲੀ।
ਆਵੋ ਬੱਕਰੀ ਸਾਹਿਬ ਆਵੋ,
ਬਣ ਕੇ ਰਹੋ ਸਹੇਲੀ।

ਆਪਾਂ ਦੋਵੇਂ ਰਲ ਕੇ ਰਹੀਏ,
ਨਾਲੇ ਖ਼ੁਸ਼ੀ ਮਨਾਈਏ।
ਨੱਚੀਏ, ਟੱਪੀਏ, ਭੰਗੜਾ, ਗਿੱਧਾ,
ਨਾਲੇ ਬੋਲੀ ਪਾਈਏ।

ਗੱਲਾਂ ਵਿੱਚ ਆ ਗਈ ਬੱਕਰੀ,
ਖੂਹ ਵਿੱਚ ਛਾਲ ਲਗਾਈ।
ਡਿੱਗ ਪਈ ਜਦ ਡੂੰਘੇ ਖੂਹ ਵਿੱਚ,
ਸੁਰਤ ਠਿਕਾਣੇ ਆਈ।

ਬੱਕਰੀ ਦੀ ਪਿੱਠ ਉੱਤੇ ਚੜ੍ਹ ਕੇ,
ਛਾਲ ਲੂੰਬੜੀ ਲਾਵੇ।
ਬੜੀ ਆਸਾਨੀ ਨਾਲ ਲੂੰਬੜੀ,
ਖੂਹ 'ਚੋਂ ਬਾਹਰ ਆ ਜਾਵੇ।

ਖੂਹ ਦੀ ਮੌਣ 'ਤੇ ਖੜ੍ਹ ਕੇ ਹੱਸੇ,
ਲੰਮੀ ਪੂੰਛ ਹਿਲਾਵੇ।
ਬੇਸਮਝ ਬੱਕਰੀ ਨੂੰ ਉਪਰੋਂ,
ਨਾਲੇ ਠੁੱਠ ਵਿਖਾਵੇ।



Sri Satguru Jagjit Singh Ji eLibrary NamdhariElibrary@gmail.com

ਸਭ ਬੱਚਿਆਂ ਨੇ ਸੁਣੀ ਕਹਾਣੀ,
ਸੋਚਣ ਲੱਗੇ ਸਾਰੇ।
ਬਿਨ ਸੋਚੇ, ਬਿਨ ਸਮਝੇ 'ਪੰਛੀ',
ਖੂਹ ਵਿੱਚ ਛਾਲ ਨਾ ਮਾਰੇ।

♦ ♦ ♦

Sri Satguru Jagjit Singh Ji eLibrary NamdhariElibrary@gmail.com

## ਕੀਕਣ ਜ਼ੋਰ ਲਗਾਵਾਂ

ਜੰਗਲ ਦੇ ਵਿੱਚ ਬਿਰਛ ਤੇ ਬੂਟੇ,
ਨੇ ਧਰਤੀ ਦੇ ਗਹਿਣੇ।
ਇਹ ਗਹਿਣੇ ਜੋ ਧਰਤੀ ਉੱਤੇ,
ਸਦਾ ਸਦਾ ਲਈ ਰਹਿਣੇ।

ਜੰਗਲ ਦੇ ਵਿੱਚ ਰਹਿਣ ਜਾਨਵਰ,
ਕਿਸਮ ਕਿਸਮ ਦੇ ਨਿਆਰੇ।
ਆਪਣੇ-ਆਪਣੇ ਢੰਗ ਨਾਲ ਉਹ,
ਕਰਦੇ ਰਹਿਣ ਗੁਜ਼ਾਰੇ।

ਇਸ ਜੰਗਲ ਵਿੱਚ ਇੱਕ ਗਿੱਦੜ ਸੀ,
ਕਲਮ-'ਕੱਲਾ ਰਹਿੰਦਾ।
ਜਿੱਥੇ ਉਸਦਾ ਜੀਅ ਕਰਦਾ ਸੀ,
ਓਥੇ ਉੱਠਦਾ ਬਹਿੰਦਾ।

ਓਥੇ ਹੀ ਬੱਸ ਨੇੜੇ-ਤੇੜੇ,
ਇੱਕ ਪਰਵਾਰ ਸੀ ਭਾਰੀ।
ਉਸ ਪਰਵਾਰ 'ਚ ਇੱਕ ਗਿੱਦੜੀ ਸੀ,
ਸੋਹਲ ਸੁਬਕ ਪਿਆਰੀ।

ਓਸ ਕੰਵਾਰੀ ਗਿੱਦੜੀ ਤਾਈਂ,
ਗਿੱਦੜ ਨਜ਼ਰੀਂ ਆਇਆ।
ਪਹਿਲੀ ਤੱਕਣੀ ਸ਼ੈਲ ਸ਼ਬੀਲਾ,
ਗਿੱਦੜ ਮਨ ਨੂੰ ਭਾਇਆ।

ਜਦ ਮਾਪਿਆਂ ਨੂੰ ਭਿਣਕ ਪਈ,
ਤਾਂ ਮਾਪੇ ਦੇਣ ਦੁਹਾਈ।
ਪਰ ਉਹਨਾਂ ਨੇ ਮਨ-ਮਰਜ਼ੀ ਦੀ,
ਲਵ ਮੈਰਿਜ਼ ਕਰਵਾਈ।



Sri Satguru Jagjit Singh Ji eLibrary NamdhariElibrary@gmail.com

ਦੋਹਾਂ ਜੀਆਂ ਨੂੰ ਫ਼ਿਕਰ ਨਾ ਕੋਈ,
ਫਿਰਦੇ ਰਹਿਣ ਉਦਾਲੇ।
ਪਰ ਜਲਦੀ ਹੀ ਬੱਚੇ ਹੋ ਗਏ,
ਬੱਚੇ ਭੋਲੇ-ਭਾਲੇ।

ਸੋਹਣੇ ਫੁੱਲਾਂ ਵਰਗੇ ਬੱਚੇ,
ਇਹ ਫੁੱਲਾਂ ਦੀ ਕਿਆਰੀ।
ਪਰ ਇਹਨਾਂ ਦਾ ਪਾਲਣ ਪੋਸਣ,
ਵੱਡੀ ਜ਼ੁੰਮੇਵਾਰੀ।

ਕਰਨ ਸਲਾਹਾਂ ਦੋਵੇਂ ਜਾਣੇ,
ਮਾਰ ਸ਼ਿਕਾਰ ਲਿਆਈਏ।
ਇਹਨਾਂ ਬੀਬੇ ਰਾਣਿਆਂ ਦੇ ਮੂੰਹ,
ਭੋਰਾ ਭੋਰਾ ਪਾਈਏ।

ਚਲੋ-ਚਾਲ ਇਸ ਬੇਲੇ ਦੇ ਵਿੱਚ,
ਊਠ ਤੱਕਿਆ ਮੋਇਆ।
ਪਰ ਉਹ ਮੋਇਆ ਊਠ ਨਹੀਂ ਸੀ,
ਘੂਕ ਸੁੱਤਾ ਸੀ ਹੋਇਆ।

ਕਹਿੰਦੇ ਵੇਖੋ ਰੱਬ ਸੱਚੇ ਨੇ,
ਸੁਣ ਲਈ ਬਿਨੈ ਹਮਾਰੀ।
ਆਪ ਸ਼ਿਕਾਰ ਨੂੰ ਮਾਰਨ ਦੀ ਵੀ,
ਮੁੱਕ ਗਈ ਚਿੰਤਾ ਸਾਰੀ।

ਐਪਰ ਇਸ ਨੂੰ ਕਿਵੇਂ ਲਿਜਾਈਏ,
ਆਪਣੇ ਘੁਰਨੇ ਕੋਲੇ।
ਭਾਰੀ ਊਠ ਨੂੰ ਖਿੱਚਣ ਲੱਗੇ,
ਲੱਗੇ ਹੌਲੇ-ਹੌਲੇ।



Sri Satguru Jagjit Singh Ji eLibrary NamdhariElibrary@gmail.com

ਦੱਸੋ ਕੋਈ ਸਕੀਮ ਡਾਰਲਿੰਗ,
ਤਾਂ ਜੋ ਸਫ਼ਲ ਹੋ ਜਾਈਏ।
ਐਸਾ ਢੰਗ ਰਚਾਵੋ ਕੋਈ,
ਵਾਧੂ ਜ਼ੋਰ ਨਾ ਲਾਈਏ।

ਪੂੰਛ ਤੁਹਾਡੀ, ਪੂੰਛ ਊਠ ਦੀ,
ਬੰਨ੍ਹ ਦਿਆਂ ਚਿੱਪਕਾ ਕੇ।
ਫੇਰ ਤੁਸੀਂ ਜੀ ਜ਼ੋਰ ਲਗਾਇਓ,
ਧਰਤੀ ਪੈਰ ਜਮਾ ਕੇ।

ਐਨੇ ਚਿਰ ਵਿੱਚ ਨੀਂਦ ਊਠ ਦੀ,
ਖੁੱਲ੍ਹੀ ਉੱਠ ਖਲੋਇਆ।
ਗਿੱਦੜ ਪੂੰਛ ਨਾਲ ਲਮਕਿਆ।
ਲਮਕੇ ਬੇਵਸ ਹੋਇਆ।

ਊਠ ਤਾਂ ਕਿਧਰੇ ਹਿੱਲਦਾ ਨਾਹੀਂ,
ਐਸੀ ਮਸਤੀ ਛਾਈ।
ਗਿੱਦੜ ਲਮਕੇ ਨਾਲ ਪੂੰਛ ਦੇ,
ਪੇਸ਼ ਨਾ ਜਾਂਦੀ ਕਾਈ।

ਗਿੱਦੜੀ ਆਖੇ ਜ਼ੋਰ ਲਗਾਓ,
ਲਾਵੋ ਪੈਰ ਜਮਾ ਕੇ।
ਐਧਰੋਂ ਮੈਂ ਵੀ ਜ਼ੋਰ ਲਗਾਵਾਂ,
ਕਹਿਣ ਲੱਗੀ ਮੁਸਕਾ ਕੇ।

ਗਿੱਦੜ ਆਖੇ ਪੈਰ ਨੀ ਲੱਗਦੇ,
ਕੀਕਣ ਜ਼ੋਰ ਲਗਾਵਾਂ।
ਮੇਰੇ ਪੈਰ ਉੱਖੜ ਗਏ ਪਿਆਰੀ,
ਕਿੰਝ ਤੈਨੂੰ ਸਮਝਾਵਾਂ।

Sri Satguru Jagjit Singh Ji eLibrary NamdhariElibrary@gmail.com

ਜ਼ੋਰਾਵਰ ਦੀ ਪੂੰਛ ਨਾਲ ਜੇ,
'ਪੰਛੀ' ਬੰਨ੍ਹੇ ਜਾਈਏ।
ਗਿੱਦੜ ਵਾਂਗੂੰ ਲਮਕ ਹਵਾ ਵਿੱਚ,
ਫੇਰ ਪਿੱਛੋਂ ਪਛਤਾਈਏ।

◆ ◆ ◆



Sri Satguru Jagjit Singh Ji eLibrary · NamdhariElibrary@gmail.com

## ਸ਼ੇਰ ਤੇ ਚੂਹੀ

(ਮਿੱਤਰ ਹੀ ਨੇ ਮਿੱਤਰ ਹੁੰਦੇ)

ਆਵੋ ਮੇਰੇ ਪਿਆਰੇ ਬੱਚਿਓ,
ਥੋਨੂੰ ਬਾਤ ਸੁਣਾਵਾਂ।
ਮਿੱਤਰ ਪਿਆਰੇ ਹੀ ਕੰਮ ਆਉਂਦੇ,
ਥੋਨੂੰ ਗੱਲ ਸਮਝਾਵਾਂ।

ਛੋਟੇ ਵੱਡੇ ਦੇ ਵਿੱਚ ਬੀਬਾ,
ਕੋਈ ਫ਼ਰਕ ਨਾ ਜਾਣੋ।
ਕਿਹੜਾ ਦਿਲੋਂ ਸਹਾਇਤਾ ਕਰਦਾ,
ਇਹ ਤਾਂ ਜ਼ਰਾ ਪਛਾਣੋ।

ਮਿੱਤਰ ਹੋਵਣ ਸੱਚੇ-ਸੁੱਚੇ,
ਇਹ ਗੱਲ ਬੜੀ ਜ਼ਰੂਰੀ।
ਤਾਹੀਂ ਜੀਵਨ ਅੰਦਰ ਸਮਝੋ,
ਇੱਛਾ ਹੁੰਦੀ ਪੂਰੀ।

ਇੱਕ ਵਾਰੀ ਇੱਕ ਜੰਗਲ ਦੇ ਵਿੱਚ,
ਸ਼ੇਰ ਜੰਗਲ ਦਾ ਰਾਜਾ।
ਕਰੇ ਸ਼ਿਕਾਰ ਉਹ ਆਪ ਆਪਣਾ,
ਮਾਸ ਬਣਾਵੇ ਖਾਜਾ।

ਖ਼ੂਬ ਆਪਣਾ ਪੇਟ ਭਰ ਲਿਆ,
ਸੌਂ ਗਿਆ ਲੰਮੀਆਂ ਤਾਣੇਂ।
ਆਪਣੀ ਜ਼ੋਰ ਜਵਾਨੀ ਅੰਦਰ,
ਖ਼ੂਬ ਮਸਤੀਆਂ ਮਾਣੇਂ।



Sri Satguru Jagjit Singh Ji eLibrary NamdhariElibrary@gmail.com

ਰੱਬ-ਸਬੱਬੀਂ ਇੱਕ ਚੂਹੀ ਵੀ,
ਸੈਰ ਸਪਾਟੇ ਕਰਦੀ।
ਸੁੱਤੇ ਹੋਏ ਸ਼ੇਰ ਦੇ ਉੱਤੇ,
ਮਾਰ ਟਪੂਸੀ ਚੜ੍ਹਦੀ।

ਟਪੂੰ-ਟਪੂੰ ਕਰਦਿਆਂ ਉਸ ਨੇ,
ਕਈ ਲਗਾਏ ਗੇੜੇ।
ਚੁਰ-ਚੁਰ ਕਰਕੇ ਰੌਲਾ ਪਾਵੇ,
ਸੁੱਤੇ ਸ਼ੇਰ ਨੂੰ ਛੇੜੇ।

ਗੁੱਸੇ ਦੇ ਵਿਚ ਸ਼ੇਰ ਗਰਜਿਆ,
ਗਰਜਿਆ ਜ਼ੋਰ ਲਗਾ ਕੇ।
ਚੂਹੀ ਮਿੰਨਤਾਂ ਕਰਦੀ ਕੰਬਦੀ,
ਡਰਦੀ ਪੂੰਛ ਹਿਲਾ ਕੇ।

ਤੁਸੀਂ ਹੋ ਸ਼ੇਰ ਜੰਗਲ ਦੇ ਰਾਜਾ,
ਅਤੇ ਬਹਾਦਰ ਭਾਰੀ।
ਥੋੜੀ ਤਾਕਤ ਅਤੇ ਦਲੇਰੀ,
ਮੰਨਦੀ ਦੁਨੀਆਂ ਸਾਰੀ।

ਮੇਰੀ ਗ਼ਲਤੀ ਮਾਫ਼ ਕਰੋ ਜੀ,
ਮੈਨੂੰ ਨਾ ਹੁਣ ਮਾਰੋ।
ਬਖ਼ਸ਼ੋ ਮੇਰੀ ਜਿੰਦ ਨਿਮਾਣੀ,
ਮੇਰੀ ਖ਼ਤਾ ਵਿਸਾਰੋ।

ਔਖੇ ਵੇਲੇ ਕੰਮ ਆਵਾਂਗੀ,
ਇਹ ਗੱਲ ਸੱਚੀ ਜਾਣੋ।
ਸ਼ੇਰ ਹੱਸ ਕੇ ਆਖਣ ਲੱਗਾ,
'ਜਾਹ ਨੀ ਨਿਕੜੀ ਰਾਣੋ।'



Sri Satguru Jagjit Singh Ji eLibrary NamdhariElibrary@gmail.com

ਸਮਾਂ ਬੀਤਿਆ ਇੱਕ ਦਿਨ ਐਸਾ,
ਇੱਕ ਸ਼ਿਕਾਰੀ ਆਇਆ।
ਉਸ ਨੇ ਸ਼ੇਰ ਫਸਾਵਣ ਵਾਲਾ,
ਆਪਣਾ ਜਾਲ ਵਿਛਾਇਆ।

ਓਸ ਜਾਲ ਵਿੱਚ ਸ਼ੇਰ ਫਸ ਗਿਆ,
ਗਰਜ਼ੇ ਤੇ ਕੁਰਲਾਵੇ।
ਐਪਰ ਜਾਲ ਨਰੋਆ ਹੈ ਸੀ,
ਨਿੱਕਲਿਆ ਨਾ ਜਾਵੇ।

ਚੂਹੀ ਰੌਲਾ ਸੁਣ ਕੇ ਆਈ,
ਸ਼ੇਰ ਦੀ ਹਾਲਤ ਤੱਕੀ।
ਬੇਵਸ ਸ਼ੇਰ ਨੂੰ ਵੇਖੀ ਜਾਵੇ,
ਰਹਿ ਗਈ ਹੱਕੀ-ਬੱਕੀ।

ਚੂਹੀ ਨੇ ਜਦ ਜਾਲ 'ਚ ਫਸਿਆ,
ਮਿੱਤਰ ਆਪਣਾ ਤੱਕਿਆ।
ਆਪਣੀਆਂ ਤਿੱਖੀਆਂ ਦੰਦੀਆਂ ਦੇ ਸੰਗ,
ਜਾਲ ਕੁਤਰ ਕੇ ਕੱਟਿਆ।

ਵੇਲੇ ਸਿਰ ਮਿੱਤਰ ਨੇ ਆ ਕੇ,
ਜਦੋਂ ਸਹਾਇਤਾ ਕੀਤੀ।
ਨਿੱਕੇ ਜਿਹੇ ਮਿੱਤਰ ਨੇ ਆਪਣੀ,
ਯਾਦ ਰੱਖੀ ਹੱਡ-ਬੀਤੀ।

ਹੋ ਕੇ ਸ਼ੇਰ ਆਜ਼ਾਦ ਜਾਲ 'ਚੋਂ,
ਧੰਨਵਾਦ ਪਿਆ ਕਰਦਾ।
ਵੱਡੇ ਹੋਣ ਦਾ ਅੱਖਾਂ ਉੱਤੋਂ,
ਚੁੱਕਿਆ ਗਿਆ ਸੀ ਪਰਦਾ।



Sri Satguru Jagjit Singh Ji eLibrary NamdhariElibrary@gmail.com

'ਪੰਛੀ' ਆਖੇ ਪਿਆਰੇ ਬੱਚਿਓ,
ਇਹ ਗੱਲ ਸੱਚੀ ਜਾਣੋ।
ਲੋੜ ਪੈਣ 'ਤੇ ਕਰੋ ਸਹਾਇਤਾ,
ਜੱਗ ਵਿੱਚ ਖ਼ੁਸ਼ੀਆਂ ਮਾਣੋ।

ਜ਼ੋਰਾਵਰ ਜਾਂ ਹੋਏ ਨਿਤਾਣਾ,
ਇਹ ਵੀ ਦਿਲੋਂ ਭੁਲਾਵੋ।
ਵੇਲੇ ਸਿਰ ਜੋ ਕੰਮ ਸੰਵਾਰੇ,
ਵਾਰੀ ਸਦਕੇ ਜਾਵੋ।

◆ ◆ ◆


Sri Satguru Jagjit Singh Ji eLibrary NamdhariElibrary@gmail.com

## ਸ਼ੇਰ ਅਤੇ ਖ਼ਰਗੋਸ਼

(ਜ਼ਾਲਮ ਮੌਤ ਮਰੇ ਅਣਿਆਈ)

ਇੱਕ ਵਾਰੀ ਬਾਪੂ ਜੀ ਮੈਨੂੰ,
ਚੰਗੀ ਗੱਲ ਸਮਝਾਈ।
ਜ਼ਾਲਮ ਜ਼ੁਲਮ ਕਮਾਵਣ ਵਾਲਾ,
ਮੌਤ ਮਰੇ ਅਣਿਆਈ।

ਆਖਣ ਲੱਗਾ ਸੁਣੋ ਬੱਚਿਓ,
ਪਿਆਰੀ ਗੱਲ ਸਮਝਾਵਾਂ।
ਜੰਗਲ ਰਾਜ 'ਚ ਕੀ ਹੁੰਦਾ ਹੈ,
ਬੀਤੀ ਬਾਤ ਸੁਣਾਵਾਂ।

ਸ਼ੇਰ, ਬਘੇਰੇ, ਚੀਤੇ, ਹਾਥੀ,
ਬਾਘ ਜੋ ਮਾਸਾਂ ਖਾਣੇ।
ਬਾਰਾਂਸਿੰਗੇ, ਹਿਰਨ ਤੇ ਮੂੰਨਾਂ,
ਰੋਝ, ਜੀਰਾਫ਼ ਨਿਮਾਣੇ।

ਗਿੱਦੜ, ਲੂੰਬੜ ਅਤੇ ਲੂੰਬੜੀ,
ਤੇ ਖ਼ਰਗੋਸ਼ ਸਿਆਣੇ।
ਸਭੇ ਜਾਨਵਰ ਆਪਣੇ-ਆਪਣੇ,
ਰੱਖਦੇ ਨਾਲ ਨਿਆਣੇ।

ਜੱਤਲ ਰਿੱਛ ਤੇ ਸੂਰ-ਸੂਰੀਆਂ,
ਕਰਦੇ ਘਾਲੇ-ਮਾਲੇ।
ਬਾਂਦਰ ਅਤੇ ਲੰਗੂਰ ਟਹਿਲਦੇ,
ਲੰਮੀਆਂ ਪੂੰਛਾਂ ਵਾਲੇ।



Sri Satguru Jagjit Singh Ji eLibrary NamdhariElibrary@gmail.com

ਬਾਘੜ-ਬਿੱਲੇ ਅਤੇ ਕਾਂਗਾਰੂ,
ਕਰਦੇ ਰਹਿਣ ਕਲੋਲਾਂ।
ਇਹ ਜੰਗਲ ਦਾ ਰਾਜ ਹੈ ਬੀਬਾ,
ਭੇਦ ਏਸ ਦੇ ਖੋਲ੍ਹਾਂ।

ਜ਼ਾਲਮ ਸੀ ਇੱਕ ਸ਼ੇਰ ਜੰਗਲ ਵਿੱਚ,
ਸ਼ੇਰ ਜੰਗਲ ਦਾ ਰਾਜਾ।
ਮਾਰ ਜਾਨਵਰ ਲੋੜ ਤੋਂ ਬਹੁਤੇ,
ਰੋਜ਼ ਬਣਾਉਂਦਾ ਖਾਜਾ।

'ਕੱਠੇ ਹੋ ਕੇ ਸੱਭੇ ਜਾਨਵਰਾਂ,
ਇੱਕ ਦਿਨ ਸਭਾ ਬੁਲਾਈ।
ਮਾਰ ਦੇਵੇਗਾ ਸ਼ੇਰ ਅਸਾਨੂੰ,
ਕੋਈ ਨਾ ਬਚਣਾ ਭਾਈ।

ਸਾਰਿਆਂ ਰਲ ਕੇ ਮਤਾ ਪਕਾਇਆ,
ਸ਼ੇਰ ਕੋਲ ਜਾ ਪੁੱਜੇ।
'ਇੱਕ-ਇੱਕ ਕਰਕੇ' ਖਾਵਣ ਵਾਲੇ,
ਭੇਦ ਕਹੇ ਸਭ ਗੁੱਝੇ।

ਜੇਕਰ ਸਾਰੇ ਮੁੱਕ ਗਏ,
ਤਾਂ ਮਰ ਜਾਵੇਂਗਾ ਭੁੱਖਾ।
ਆਖ਼ਰ ਨੂੰ ਸੀ ਸ਼ੇਰ ਮੰਨਿਆ,
ਪਹਿਲੋਂ ਬੋਲਿਆ ਰੁੱਖਾ।

ਆਪਣੀ ਵਾਰੀ ਇੱਕ ਜਾਨਵਰ,
ਸ਼ੇਰ ਕੋਲ ਆ ਜਾਵੇ।
ਬਣ ਗਈਆਂ ਸੀ ਸ਼ੇਰ ਨੂੰ ਮੌਜਾਂ,
ਖ਼ੁਸ਼ੀਆਂ ਘਰੇ ਮਨਾਵੇ।


Sri Satguru Jagjit Singh Ji eLibrary NamdhariElibrary@gmail.com

ਵਾਰੀ ਸੀ ਖ਼ਰਗੋਸ਼ ਦੀ ਜਿਸ ਦਿਨ,
ਉਹ ਨਾ ਸਮੇਂ 'ਤੇ ਪੁੱਜਿਆ।
ਸ਼ੇਰ ਆਪਣੇ ਘੁਰਨੇ ਦੇ ਵਿੱਚ,
ਗੁੱਸੇ ਦੇ ਵਿੱਚ ਸੁੱਜਿਆ।

ਪੁੱਜਿਆ ਜਦ ਖ਼ਰਗੋਸ਼ ਚਿਰਾਕੇ,
ਭੁੱਖਾ ਸ਼ੇਰ ਦਹਾੜੇ।
ਕਿਉਂ ਤੂੰ ਐਨਾ ਲੇਟ ਹੋ ਗਿਆ,
ਇੰਝ ਖ਼ਰਗੋਸ਼ ਨੂੰ ਝਾੜੇ।

ਮੇਰਾ ਕੋਈ ਕਸੂਰ ਨਹੀਂ ਹੈ,
ਓ ਜੰਗਲ ਦੇ ਰਾਜੇ।
ਰਸਤੇ ਵਿੱਚ ਇੱਕ ਸ਼ੇਰ ਮਿਲ ਗਿਆ,
ਮਿੰਟ 'ਚ ਮੈਨੂੰ ਖਾ ਜੇ।

ਮਿੰਨਤਾਂ ਕਰਕੇ ਮੈਂ ਤਾਂ ਉਸ ਨੂੰ,
ਮੁਸ਼ਕਿਲ ਨਾਲ ਮਨਾਇਆ।
ਹੁਣ ਮੈਂ ਆਪ ਦੀ ਸੇਵਾ ਦੇ ਵਿੱਚ,
ਨਾਲ ਹਲੀਮੀ ਆਇਆ।

ਐਨੀ ਸੁਣ ਕੇ ਸ਼ੇਰ ਗਰਜ਼ਿਆ,
ਕੌਣ ਸ਼ੇਰ ਹੈ ਦੂਜਾ।
ਪਹਿਲਾਂ ਉਸ ਨੂੰ ਮਾਰ ਮੁਕਾਵਾਂ,
ਪਾੜਾਂ ਜਿਉਂ ਖ਼ਰਬੂਜ਼ਾ।

ਸਿਆਣਾ ਸੀ ਖ਼ਰਗੋਸ਼ ਓਸ ਨੇ,
ਆਪਣੀ ਜਾਨ ਬਚਾਈ।
ਰਸਤੇ ਦੇ ਵਿੱਚ ਖੂਹ ਸੀ ਡੂੰਘਾ,
ਦਿਸਦੀ ਸੀ ਪਰਛਾਈ।



Sri Satguru Jagjit Singh Ji eLibrary NamdhariElibrary@gmail.com

ਖੂਹ ਦੀ ਮੌਣ 'ਤੇ ਚੜ੍ਹਕੇ ਕਹਿੰਦਾ,
ਦੇਖੋ ਸਾਹਿਬ ਹਮਾਰੇ।
ਵਿੱਚ ਪਾਣੀ ਦੇ ਸ਼ੇਰ ਦੂਸਰਾ,
ਬੋਲ ਜੋ ਬੋਲੇ ਖਾਰੇ।

ਚੜ੍ਹਕੇ ਮੌਣ 'ਤੇ ਸ਼ੇਰ ਨੇ ਤੱਕਿਆ,
ਆਪਣਾ ਹੀ ਪਰਛਾਵਾਂ।
'ਬਾਹਰ ਆ ਜਾ, ਵੇਖਾਂ ਤੈਨੂੰ',
ਮੈਂ ਹੁਣ ਤੈਨੂੰ ਖਾਵਾਂ।

ਪਰਛਾਵੇਂ ਨੇ ਬਾਹਰ ਕੀ ਆਉਣੈ,
ਖੂਹ ਵਿੱਚ ਛਾਲ ਲਗਾਈ।
ਬਿੱਟ-ਬਿੱਟ ਤੱਕੇ ਬਾਹਰ ਨੂੰ,
ਤਦ ਹੋਸ਼ ਟਿਕਾਣੇ ਆਈ।

ਆਪਣੇ ਸਾਥੀ ਜਾਨਵਰਾਂ ਨੂੰ,
ਜਾ ਕੇ ਖ਼ਬਰ ਸੁਣਾਈ।
ਨਿਕੜੇ ਜਿਹੇ ਖ਼ਰਗੋਸ਼ ਨੇ ਵੇਖੋ,
ਸਭ ਦੀ ਜਾਨ ਬਚਾਈ।

ਬਾਪੂ ਜੀ ਨੇ 'ਪੰਛੀ' ਤਾਈਂ,
ਚੰਗੀ ਗੱਲ ਸਮਝਾਈ।
ਆਖ਼ਰ ਜ਼ੁਲਮ ਕਮਾਵਣ ਵਾਲਾ,
ਮੌਤ ਮਰੇ ਅਣਿਆਈ।

ਏਸ ਲਈ ਤੁਸੀਂ ਪਿਆਰੇ ਬੱਚਿਓ,
ਬੁੱਧੀ ਚੁਸਤ ਬਣਾਵੋ।
'ਪੰਛੀ' ਆਪਣੇ ਜੀਵਨ ਅੰਦਰ,
ਖ਼ਤਰੇ ਤੋਂ ਬਚ ਜਾਵੋ।

◆ ◆ ◆



Sri Satguru Jagjit Singh Ji eLibrary NamdhariElibrary@gmail.com

## ਦੋ ਬਿੱਲੀਆਂ ਇੱਕ ਬਾਂਦਰ

ਸੰਤ, ਸੀਤੂ ਤੇ ਧੱਲੂ, ਬੱਲੂ, ਕੁਤਰੀ, ਮੁਤਰੀ ਆਵੋ।
ਮੈਂ ਥੋਨੂੰ ਇਕ ਬਾਤ ਸੁਣਾਵਾਂ, ਕੋਲ ਮੇਰੇ ਬਹਿ ਜਾਵੋ।

ਇਹ ਬਾਤ ਹੈ ਬੜੀ ਨਿਰਾਲੀ, ਖ਼ੂਬ ਚਲਾਕੀ ਵਾਲੀ।
ਬੇਈਮਾਨ ਚਲਾਕ ਲੋਕ ਹਨ, ਬਣ ਗਏ ਵੰਡ ਦੇ ਵਾਲੀ।

ਦੋ ਬਿੱਲੀਆਂ ਨੂੰ ਇੱਕ ਰੋਟੀ ਸੀ, ਖ਼ਬਰੇ ਕਿਥੋਂ ਥਿਆਈ।
ਆਖਣ ਇਸ ਨੂੰ ਵੰਡ ਕੇ ਖਾਈਏ, ਹਾਫ਼ ਹਾਫ਼ ਹੋ ਜਾਈ।

ਪਰ ਰੋਟੀ ਉਹ ਅੱਧੀ-ਅੱਧੀ, ਕਿਵੇਂ ਵੀ ਕਰ ਨਾ ਸਕੀਆਂ।
ਬਹੁਤ ਉਦਾਸੀ ਅੰਦਰ ਬਹਿ ਕੇ, ਮਾਰ ਰਹੀਆਂ ਸਨ ਮੱਖੀਆਂ।

ਐਨੇ ਵਿੱਚ ਇੱਕ ਬਾਂਦਰ ਆਇਆ, ਉਹ ਸੀ ਬੜਾ ਚਲਾਕੀ।
ਬਿੱਲੀਆਂ ਕੋਲੇ ਆ ਕੇ ਬਹਿ ਗਿਆ, ਬਹਿ ਗਿਆ ਮਾਰ ਪਲਾਕੀ।

ਆਖਣ ਲੱਗਾ ਮਕਰ ਬਣਾ ਕੇ, ਤੁਸੀਂ ਉਦਾਸ ਕਿਉਂ ਹੋਈਆਂ?
ਤੁਸੀਂ ਤਾਂ ਬੜੀਆਂ ਸਾਊ ਬਿੱਲੀਆਂ, ਲੱਗਦੀਆਂ ਮੋਈਆਂ-ਮੋਈਆਂ।

ਆਹ ਰੋਟੀ ਇੱਕ ਲੱਭੀ ਸਾਨੂੰ, ਅੱਧੀ-ਅੱਧੀ ਹੋਵੇ।
ਖਾ ਲਈਏ ਫਿਰ ਅੱਧੀ-ਅੱਧੀ, ਫੇਰ ਉਦਾਸੀ ਖੋਵੇ।

ਬਾਂਦਰ ਮਾਰ ਟਪੂਸੀ ਬਹਿ ਗਿਆ, ਹੱਥ ਵਿੱਚ ਤੱਕੜੀ ਫੜ ਕੇ।
ਕਹਿੰਦਾ ਹਾਫ਼ੋ-ਹਾਫ਼ ਕਰਦਿਆਂ, ਬੈਠੋ ਕੋਈ ਨਾ ਭੜਕੇ।

ਬਾਂਦਰ ਰੋਟੀ ਤੋਲਣ ਲੱਗਾ, ਮਨ ਵਿੱਚ ਬੇਈਮਾਨੀ।
ਇੱਕ ਅੱਧੀ ਤੋਂ ਦੂਜੀ ਵੱਧ ਅੱਧੀ, ਹੈ ਸੀ ਵਸਤ ਬੇਗਾਨੀ।

ਪਲੜਾ ਭਾਰੀ ਜਿਸ ਪਾਸੇ ਦਾ, ਉਸ 'ਚੋਂ ਹੀ ਖਾ ਜਾਵੇ।
ਫੇਰ ਚਲਾਕੀ ਓਵੇਂ ਕਰਦਾ, ਮੁੱਛਾਂ ਵਿੱਚ ਮੁਸਕਾਵੇ।



Sri Satguru Jagjit Singh Ji eLibrary NamdhariElibrary@gmail.com

ਏਸ ਤਰ੍ਹਾਂ ਹੀ ਕਰਦੇ-ਕਰਦੇ, ਟੁੱਕੜੇ ਛੋਟੇ ਹੋਏ।
ਬਿੱਲੀਆਂ ਮੰਗਣ ਛੋਟੇ ਟੁੱਕੜੇ, ਮਨ ਉਹਨਾਂ ਦਾ ਰੋਏ।

ਬਾਂਦਰ ਨੇ ਬਾਂਦਰ ਵੰਡ ਕੀਤੀ, ਦੋਵੇਂ ਟੁੱਕੜੇ ਖਾ ਗਿਆ।
ਕਹਿੰਦਾ ਇਹ ਤਾਂ ਮਿਹਨਤ ਮੇਰੀ, ਮਾਰ ਢਕਾਰ ਪਚਾ ਗਿਆ।

ਪਾਪਾ ਜੀ ਇਹ ਬਾਂਦਰ ਭੈੜਾ, ਕੀਤੀ ਬੜੀ ਚਲਾਕੀ।
ਬਿੱਲੀਆਂ ਮੂੰਹ ਤੱਕਣ ਤੇ ਰੋਵਣ, ਕੁੱਝ ਨਾ ਬਚਿਆ ਬਾਕੀ।

ਏਸ ਲਈ ਤੁਸੀਂ ਪਿਆਰੇ ਬੱਚਿਓ, ਬੁੱਧੀ ਚੁਸਤ ਬਣਾਵੋ।
ਬਾਂਦਰ ਜਿਹੇ ਚਲਾਕ ਬੰਦੇ ਤੋਂ, ਆਪਣਾ ਆਪ ਬਚਾਵੋ।

'ਪੰਛੀ' ਪਾਪਾ ਬਾਤ ਸੁਣਾਵੇ, ਬਾਤ ਇਹ ਪੱਕੀ ਜਾਣੋ।
ਸੱਚੀ ਬਾਤ ਮੰਨ ਕੇ ਚੱਲੋ, ਖ਼ੂਬ ਜੁਆਨੀਆਂ ਮਾਣੋ।

◆ ◆ ◆


Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਕਰਤਾਰ ਸਿੰਘ 'ਪੰਛੀ'

'ਪੰਛੀ' ਭਾਵੇਂ ਨਹੀਂ ਮਹਾਨ
ਵੰਡੇ ਗੀਤਾਂ ਵਿੱਚ ਮੁਸਕਾਨ

ਮਾਣੋ ਫੁੱਲਾਂ ਦੀ ਮੁਸਕਾਨ
ਸਮਝੋ ਬੱਚਿਆਂ ਦੀ ਮੁਸਕਾਨ

'ਗੀਤਾਂ ਵਿੱਚ ਮੁਸਕਾਨ' ਕਰਤਾਰ ਸਿੰਘ 'ਪੰਛੀ' ਦੀ ਦੂਜੀ ਬਾਲ-ਕਾਵਿ ਪੁਸਤਕ ਹੈ। ਇਸ ਵਿੱਚ ਦੋ ਮਹਾਨ ਹਸਤੀਆਂ ਸਤਿਗੁਰੂ ਰਾਮ ਸਿੰਘ ਜੀ ਅਤੇ ਮਹਾਤਮਾ ਗਾਂਧੀ ਜੀ ਦੇ ਜੀਵਨ ਨੂੰ ਕਾਵਿ-ਬੱਧ ਕੀਤਾ ਗਿਆ ਹੈ ਤਾਂ ਜੋ ਬੱਚਿਆਂ ਦੇ ਮਨ-ਮਸਤਕ ਵਿੱਚ ਦੇਸ਼ ਭਗਤੀ ਤੇ ਆਜ਼ਾਦੀ ਦੀ ਭਾਵਨਾ ਪੈਦਾ ਹੋ ਸਕੇ। ਇਸ ਪੁਸਤਕ ਵਿੱਚ ਪੰਚ-ਤੰਤਰ ਅਤੇ ਲੋਕ ਮਨਾਂ ਵਿੱਚ ਵਸੀਆਂ ਉਹ ਕਹਾਣੀਆਂ ਹਨ, ਜਿਹੜੀਆਂ ਬਾਲਾਂ ਲਈ ਸਿੱਖਿਆ-ਦਾਇਕ ਵੀ ਹਨ ਅਤੇ ਦਿਲਚਸਪ ਵੀ। ਕਵਿਤਾ ਦੇ ਰੂਪ ਵਿੱਚ ਇਹ ਕਹਾਣੀਆਂ ਬੱਚਿਆਂ ਦੇ ਮਨ ਉੱਤੇ ਵਧੇਰੇ ਡੂੰਘਾ ਪ੍ਰਭਾਵ ਛੱਡਦੀਆਂ ਹਨ। ਇਸ ਪੁਸਤਕ ਨਾਲ 'ਪੰਛੀ' ਜੀ ਨੇ ਪੰਜਾਬੀ ਦੇ ਬਾਲ ਸਾਹਿਤ ਲੇਖਕਾਂ ਵਿੱਚ ਆਪਣਾ ਸਥਾਨ ਰਾਖਵਾਂ ਕਰ ਲਿਆ ਹੈ।

ਐੱਸ.ਤਰਸੇਮ (ਡਾ.)
ਸੰਪਾਦਕ ਨਜ਼ਰੀਆ
ਮਾਲੇਰਕੋਟਲਾ



Geetan Vich Muskan

Sri Satguru Jagjit Singh Ji eLibrary NamdhariElibrary@gmail.com